5-SEP-PAGE-1.qxd 9/4/2024 9:03 PM Page 1

ਵੀਰਵਾਰ, 5 ਸਤੰਬਰ, 2024
21 ਭਾਦੋਂ { ਨਾਨਕਸ਼ਾਹੀ 556 / ਬਿਕਰਮੀ 2081 }
ਜਿਲਦ/VOL. : 73
ਅੰਕ/NO. : 95

# ਨਵਾਂ ਜ਼ਮਾਨਾ

DAILY NAWAN ZAMANA • THURSDAY, 5 SEPTEMBER, 2024

ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 14

# ਪੰਜਾਬ ਵਿਧਾਨ ਸਭਾ 'ਚ ਫਾਇਰ ਸੇਫਟੀ ਸਮੇਤ 4 ਬਿੱਲ ਪਾਸ

- ਬੇਅਦਬੀ ਦੇ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਦਿਵਾਉਣ ਲਈ ਦ੍ਰਿੜ੍ਹ ਵਚਨਬੱਧ ਹਾਂ : ਭਗਵੰਤ ਮਾਨ
- ਸਰਬਸੰਮਤੀ ਨਾਲ ਚੁਣੀਆਂ ਪੰਚਾਇਤਾਂ ਨੂੰ 5-5 ਲੱਖ ਰੁਪਏ ਦੀ ਗਰਾਂਟ ਦੇਣ ਦਾ ਐਲਾਨ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੁੱਧਵਾਰ ਕਿਹਾ ਕਿ ਸੂਬਾ ਸਰਕਾਰ ਬੇਅਦਬੀ ਘਟਨਾਵਾਂ ਦੇ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਦਿਵਾਉਣ ਲਈ ਦ੍ਰਿੜ੍ਹ ਵਚਨਬੱਧ ਹੈ ਅਤੇ ਇਸ ਮਾਮਲੇ 'ਤੇ ਤਾਜ਼ਾ ਰਿਪੋਰਟ ਛੇਤੀ ਹੀ ਦਾਇਰ ਕੀਤੀ ਜਾਵੇਗੀ। ਪੰਜਾਬ ਵਿਧਾਨ ਸਭਾ ਦੇ ਇਜਲਾਸ ਦੌਰਾਨ ਬਹਿਸ 'ਚ ਹਿੱਸਾ ਲੈਂਦਿਆਂ ਮੁੱਖ ਮੰਤਰੀ ਨੇ ਕਿਹਾ ਸੂਬਾ ਸਰਕਾਰ ਨੂੰ ਬੇਅਦਬੀ ਘਟਨਾਵਾਂ 'ਚ ਵੱਡੇ ਸੁਰਾਗ ਮਿਲੇ ਹਨ ਅਤੇ ਤਾਜ਼ਾ ਰਿਪੋਰਟ ਇਹ ਯਕੀਨੀ ਬਣਾਏਗੀ ਕਿ ਦੋਸ਼ੀਆਂ ਨੂੰ ਉਨ੍ਹਾਂ ਦੇ ਗੁਨਾਹਾਂ ਦੀ ਮਿਸਾਲੀ ਸਜ਼ਾ ਮਿਲੇ। ਉਨ੍ਹਾ ਕਿਹਾ ਕਿ ਸੂਬਾ ਸਰਕਾਰ ਵੱਲੋਂ ਇਹ ਰਿਪੋਰਟ ਕਾਨੂੰਨੀ ਨਜ਼ਰਸਾਨੀ ਲਈ ਪਹਿਲਾਂ ਹੀ ਭੇਜੀ ਜਾ ਚੁੱਕੀ ਹੈ ਤਾਂ ਕਿ ਇਸ ਅਪਰਾਧ ਲਈ ਜ਼ਿੰਮੇਵਾਰ ਲੋਕ ਕਨੂੰਨ ਦੇ ਸ਼ਿਕੰਜੇ ਤੋਂ ਬਚ ਨਾ ਨਿਕਲਣ। ਮਾਨ ਨੇ ਕਿਹਾ ਕਿ ਉਹ ਦਿਨ ਦੂਰ ਨਹੀਂ, ਜਦੋਂ ਇਸ ਘਿਨਾਉਣੇ ਅਪਰਾਧ ਦੇ ਦੋਸ਼ੀ ਜੇਲ੍ਹ ਦੀਆਂ ਸ਼ਲਾਖਾਂ ਪਿੱਛੇ ਹੋਣਗੇ।ਇਸ ਸੰਵੇਦਨਸ਼ੀਲ ਮਾਮਲੇ ਪ੍ਰਤੀ ਨਰਮ ਪਹੁੰਚ ਅਪਣਾਉਣ ਲਈ ਪਿਛਲੀਆਂ ਸਰਕਾਰਾਂ ਦੀ ਸਖ਼ਤ ਆਲੋਚਨਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਸਰਕਾਰਾਂ ਦੀ ਢਿੱਲਮੱਠ ਕਰਕੇ ਨਾ-ਮੁਆਫੀਯੋਗ ਜੁਰਮ ਕਰਕੇ ਸਿੱਖਾਂ ਦੇ ਹਿਰਦਿਆਂ ਨੂੰ ਠੇਸ ਪਹੁੰਚਾਉਣ ਵਾਲੇ ਜ਼ਿੰਮੇਵਾਰ ਲੋਕ ਅਜੇ ਵੀ ਆਜ਼ਾਦ ਫਿਰ ਰਹੇ ਹਨ।ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਬਗੈਰ ਸੋਚੇ-ਸਮਝੇ ਅਤੇ ਲੋਕਾਂ ਦੀ ਸਲਾਹ ਤੋਂ ਬਿਨਾਂ ਆਪਣੀਆਂ ਨੀਤੀਆਂ ਲਾਗੂ ਕਰਦੀ ਹੈ, ਜਦਕਿ ਇਸ ਦੇ ਉਲਟ ਸੂਬਾ ਸਰਕਾਰ ਲੋਕਾਂ ਦੀ ਸਲਾਹ ਨਾਲ ਹੀ ਨੀਤੀਆਂ ਘੜਦੀ ਹੈ। ਉਨ੍ਹਾ ਕਿਹਾ ਕਿ ਸੂਬੇ ਦੀ ਖੇਤੀ ਨੀਤੀ ਦਾ ਖਰੜਾ ਸਾਰੇ ਭਾਈਵਾਲਾਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਤਿਆਰ ਕੀਤਾ ਜਾ ਰਿਹਾ ਹੈ, ਕਿਉਂ ਜੋ ਉਦਯੋਗਿਕ ਨੀਤੀ ਵੀ ਉਦਯੋਗਪਤੀਆਂ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਲਾਗੂ ਕੀਤੀ ਗਈ ਸੀ। ਮੁੱਖ ਮੰਤਰੀ ਨੇ ਕਿਹਾ ਕਿ ਪੰਚਾਇਤੀ ਚੋਣਾਂ ਛੇਤੀ ਹੀ ਕਰਵਾਈਆਂ ਜਾਣਗੀਆਂ ਅਤੇ ਉਮੀਦਵਾਰ ਪਾਰਟੀ ਦੇ ਚੋਣ ਨਿਸ਼ਾਨ ਤੋਂ ਬਿਨਾਂ ਚੋਣਾਂ ਲੜਨਗੇ।ਉਨ੍ਹਾ ਕਿਹਾ ਕਿ ਇਸ ਨਾਲ ਪਿੰਡਾਂ ਵਿੱਚੋਂ ਧੜੇਬੰਦੀ ਦੂਰ ਹੋਵੇਗੀ। ਜਿਹੜਾ ਵੀ ਪਿੰਡ ਸਰਬਸੰਮਤੀ ਨਾਲ ਪੰਚਾਇਤ ਦੀ ਚੋਣ ਕਰੇਗਾ, ਉਸ ਪਿੰਡ ਨੂੰ 5 ਲੱਖ ਰੁਪਏ ਦੀ ਗ੍ਰਾਂਟ ਤੋਂ ਇਲਾਵਾ ਸਟੇਡੀਅਮ ਜਾਂ ਸਕੂਲ ਜਾਂ ਹਸਪਤਾਲ ਦਿੱਤਾ ਜਾਵੇਗਾ।



ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਵੈਟ ਦੇ ਲਟਕਦੇ ਕੇਸਾਂ ਲਈ ਯਕਮੁਸ਼ਤ ਨਿਬੇੜਾ ਸਕੀਮ (ਓ ਟੀ ਐੱਸ) ਨੂੰ ਸਫ਼ਲਤਾ ਪੂਰਵਕ ਲਾਗੂ ਕੀਤਾ ਹੈ। ਓ ਟੀ ਐੱਸ ਰਾਹੀਂ ਪਿਛਲੇ ਵਿੱਤੀ ਵਰ੍ਹੇ ਦੇ ਮੁਕਾਬਲੇ ਸਰਕਾਰ ਨੇ 164 ਕਰੋੜ ਰੁਪਏ ਤੋਂ ਵੱਧ ਕਮਾਏ ਹਨ। ਉਨ੍ਹਾ ਕਿਹਾ ਕਿ ਆਗਾਮੀ ਦਿਨਾਂ ਵਿੱਚ ਵੀ ਨਵੀਂ ਓ ਟੀ ਐੱਸ ਲਿਆਂਦੀ ਜਾਵੇਗੀ।

ਮੁੱਖ ਮੰਤਰੀ ਨੇ 'ਫਾਇਰ ਐਂਡ ਐਮਰਜੈਂਸੀ ਸਰਵਿਸ ਬਿੱਲ' ਪੇਸ਼ ਕੀਤਾ, ਜਿਸ ਨੂੰ ਵਿਧਾਨ ਸਭਾ ਵੱਲੋਂ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਇਹ ਇਕ ਇਤਿਹਾਸਕ ਪਹਿਲਕਦਮੀ ਹੈ, ਜੋ ਸੂਬੇ ਵਿੱਚ ਮਹਿਲਾ ਸਸ਼ਕਤੀਕਰਨ ਨੂੰ ਹੋਰ ਯਕੀਨੀ ਬਣਾਉਣ ਲਈ ਰਾਹ ਪੱਧਰਾ ਕਰੇਗੀ। ਮਾਨ ਨੇ ਕਿਹਾ ਕਿ ਇਹ ਬਿੱਲ ਸਮੇਂ ਦੀ ਲੋੜ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਔਰਤਾਂ ਦੇਸ਼ ਦੇ ਸਮਾਜਿਕ, ਆਰਥਿਕ ਵਿਕਾਸ ਵਿੱਚ ਸਰਗਰਮ ਹਿੱਸੇਦਾਰ ਬਣ ਸਕਣ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਫਾਇਰ ਬ੍ਰਿਗੇਡ ਸਟਾਫ਼ ਵਿੱਚ ਔਰਤਾਂ ਦੀ ਭਰਤੀ ਕਰਨ ਲਈ ਸਰੀਰਕ ਮਾਪਦੰਡ ਬਦਲਣ ਲਈ ਨਿਯਮਾਂ ਵਿੱਚ ਲੋੜੀਂਦੀਆਂ ਸੋਧਾਂ ਕੀਤੀਆਂ ਜਾ ਰਹੀਆਂ ਹਨ। ਫਾਇਰ ਬ੍ਰਿਗੇਡ ਸਟਾਫ਼ ਵਿੱਚ ਲੜਕੀਆਂ ਦੀ ਭਰਤੀ ਕਰਨ ਵਾਲਾ ਪੰਜਾਬ ਦੇਸ਼ ਦਾ ਪਹਿਲਾ ਸੂਬਾ ਹੋਵੇਗਾ।

ਉਹਨਾ ਕਿਹਾ ਕਿ ਇਹ ਸੁਧਾਰ ਸਮੇਂ ਦੀ ਲੋੜ ਹੈ, ਕਿਉਂਕਿ ਸਕਾਈ ਸਕਰੈਪਰਾਂ ਅਤੇ ਭੀੜ-ਭੜੱਕੇ ਵਾਲੀਆਂ ਸੜਕਾਂ ਦੇ ਮੱਦੇਨਜ਼ਰ ਫਾਇਰ ਬ੍ਰਿਗੇਡ ਨੂੰ ਆਧੁਨਿਕ ਕਿਸਮ ਦੇ ਵਾਹਨ ਮੁਹੱਈਆ ਕਰਵਾਏ ਜਾਣੇ ਹਨ। ਸੂਬਾ ਸਰਕਾਰ ਆਮ ਆਦਮੀ ਦੀ ਭਲਾਈ ਲਈ ਆਪਣੇ ਕੰਮਕਾਜ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਲਿਆਉਣ ਲਈ ਤਿਆਰ ਹੈ। ਸੂਬੇ ਦੇ ਸਰਬਪੱਖੀ ਵਿਕਾਸ ਅਤੇ ਲੋਕਾਂ ਦੀ ਖੁਸ਼ਹਾਲੀ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ।

ਭਾਜਪਾ ਆਗੂਆਂ ਨੂੰ ਆੜੇ ਹੱਥੀਂ ਲੈਂਦਿਆਂ ਮੁੱਖ ਮੰਤਰੀ ਨੇ ਵਿਧਾਇਕ ਸੰਦੀਪ ਜਾਖੜ ਨੂੰ ਚੁਣੌਤੀ ਦਿੱਤੀ ਕਿ ਉਹ ਆਪਣੇ ਅੰਕਲ ਤੇ ਭਾਜਪਾ ਦੇ ਸੂਬਾਈ ਪ੍ਰਧਾਨ ਸੁਨੀਲ ਜਾਖੜ ਨੂੰ ਕੋਈ ਬਿਆਨ ਦੇਣ ਤੋਂ ਪਹਿਲਾਂ ਤੱਥਾਂ ਦੀ ਤਸਦੀਕ ਕਰ ਲੈਣ ਲਈ ਆਖਣ।

ਮਾਨ ਨੇ ਕਿਹਾ ਕਿ ਉਨ੍ਹਾ ਵੱਲੋਂ ਕੇਂਦਰੀ ਮੰਤਰੀ ਜੇ ਪੀ ਨੱਡਾ ਕੋਲ ਇਹ ਮੁੱਦਾ ਚੁੱਕਣ ਮਗਰੋਂ ਸੂਬੇ ਵਿੱਚ ਡੀ ਏ ਪੀ ਦੀ ਸਪਲਾਈ ਸ਼ੁਰੂ ਹੋ ਗਈ ਸੀ।ਉਨ੍ਹਾ ਕਿਹਾ ਕਿ ਇਸ ਮੁੱਦੇ ਉਤੇ ਭਾਜਪਾ ਆਗੂ ਬੇਬੁਨਿਆਦ, ਗ਼ੈਰ-ਜ਼ਿੰਮੇਵਾਰਾਨਾ ਤੇ ਤਰਕਹੀਣ ਬਿਆਨ ਦੇ ਰਹੇ ਹਨ, ਜਿਹੜੇ ਗ਼ੈਰ-ਵਾਜਬ ਤੇ ਬੇਲੋੜੇ ਹਨ।

## ਪਹਿਲੇ ਪ੍ਰਕਾਸ਼ ਦਿਹਾੜੇ ਮੌਕੇ ਹਰਿਮੰਦਰ ਸਾਹਿਬ ਵਿਖੇ ਵੱਡੀ ਗਿਣਤੀ 'ਚ ਸੰਗਤਾਂ ਹੋਈਆਂ ਨਤਮਸਤਕ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦਿਹਾੜੇ ਮੌਕੇ ਬੁੱਧਵਾਰ ਵੱਡੀ ਗਿਣਤੀ 'ਚ ਸੰਗਤਾਂ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ। ਸ਼੍ਰੋਮਣੀ ਕਮੇਟੀ ਵੱਲੋਂ ਕਰਵਾਏ ਗਏ ਸਮਾਗਮਾਂ ਸਮੇਂ ਸੰਗਤਾਂ ਨੇ ਹਾਜ਼ਰੀਆਂ ਭਰੀਆਂ ਅਤੇ ਗੁਰਬਾਣੀ ਕੀਰਤਨ ਦਾ ਆਨੰਦ ਮਾਣਿਆ। ਇਸ ਸੰਬੰਧ ਵਿਚ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੱਕ ਸਿੱਖ ਪਰੰਪਰਾ ਅਨੁਸਾਰ ਨਗਰ ਕੀਰਤਨ ਸਜਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ-ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸਜਾਏ ਗਏ ਇਸ ਨਗਰ ਕੀਰਤਨ ਦੀ ਰਵਾਨਗੀ ਸਮੇਂ ਸੱਚਖੰਡ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਜਨਰਲ ਸਕੱਤਰ ਭਾਈ ਰਜਿੰਦਰ ਸਿੰਘ ਮਹਿਤਾ ਨੇ ਪੰਜ ਪਿਆਰੇ, ਨਿਸ਼ਾਨਚੀ ਤੇ ਨਗਾਰਚੀ ਸਿੰਘਾਂ ਨੂੰ ਸਿਰੋਪਾਓ ਦੇ ਕੇ ਸਤਿਕਾਰ ਦਿੱਤਾ। ਇਸ ਮੌਕੇ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਸੰਗਤਾਂ ਨੂੰ ਪਹਿਲੇ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੰਦਿਆਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਦੇ ਇਸ਼ਟ ਹਨ ਅਤੇ ਹਰ ਸਿੱਖ ਦਾ ਫ਼ਰਜ਼ ਹੈ ਕਿ ਉਹ ਪਾਵਨ ਗੁਰਬਾਣੀ ਵੱਲੋਂ ਦਰਸਾਏ ਮਾਰਗ 'ਤੇ ਚੱਲ ਕੇ ਜੀਵਨ ਬਤੀਤ ਕਰੇ। ਉਨ੍ਹਾ ਕਿਹਾ ਕਿ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਆਪਣੇ ਹੱਥੀਂ ਸੰਨ 1604 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰ ਕੇ ਪਹਿਲਾ ਪ੍ਰਕਾਸ਼ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤਾ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਗੁਰੂ ਕਾਲ ਤੋਂ ਲੈ ਕੇ ਅੱਜ ਤੱਕ ਪਹਿਲੇ ਪ੍ਰਕਾਸ਼ ਦਿਹਾੜੇ ਮੌਕੇ ਵੱਡੀ ਗਿਣਤੀ ਸੰਗਤਾਂ ਇਕੱਤਰ ਹੁੰਦੀਆਂ ਹਨ ਅਤੇ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦੀਆਂ ਹਨ। ਨਗਰ ਕੀਰਤਨ ਦੌਰਾਨ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਰਾਜਿੰਦਰ ਸਿੰਘ ਮਹਿਤਾ, ਮੈਂਬਰ ਸੁਰਜੀਤ ਸਿੰਘ ਭਿੱਟੇਵੱਡ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਅਜਾਇਬ ਸਿੰਘ ਅਭਿਆਸੀ, ਮਨਜੀਤ ਸਿੰਘ, ਫੈਡਰੇਸ਼ਨ ਆਗੂ ਅਮਰਬੀਰ ਸਿੰਘ ● ਬਾਕੀ ਸਫ਼ਾ 2 'ਤੇ

## ਸਰਕਾਰ ਬਣਦੇ ਹੀ ਜੰਮੂ-ਕਸ਼ਮੀਰ ਨੂੰ ਸੂਬੇ ਦਾ ਦਰਜਾ ਦੇਵਾਂਗੇ : ਰਾਹੁਲ

**ਸ੍ਰੀਨਗਰ :** ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਬੁੱਧਵਾਰ ਜੰਮੂ-ਕਸ਼ਮੀਰ 'ਚ ਚੋਣ ਪ੍ਰਚਾਰ ਦੀ ਸ਼ੁਰੂਆਤ ਕੀਤੀ। ਇਸ ਦੌਰਾਨ ਉਨ੍ਹਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਇੱਕ ਵਾਰ ਫਿਰ ਤਿੱਖਾ ਹਮਲਾ ਕੀਤਾ। ਕਾਂਗਰਸ ਆਗੂ ਨੇ ਕਿਹਾ ਕਿ ਅਸੀਂ ਨਰੇਂਦਰ ਮੋਦੀ ਨੂੰ ਮਾਨਸਿਕ ਤੌਰ 'ਤੇ ਉਖਾੜ ਦਿੱਤਾ ਹੈ। ਉਨ੍ਹਾ ਦਾ ਆਤਮ-ਵਿਸ਼ਵਾਸ ਗਾਇਬ ਹੋ ਗਿਆ ਹੈ। ਉਨ੍ਹਾ ਕਿਹਾ ਕਿ ਜਾਤੀ ਜਨਗਣਨਾ ਨਹੀਂ ਹੋਵੇਗੀ। ਹੁਣ ਆਰ ਐੱਸ ਐੱਸ ਦੇ ਲੋਕ ਕਹਿ ਰਹੇ ਹਨ ਕਿ ਇਹ ਸਹੀ ਗੱਲ ਹੈ। ਪਹਿਲਾ ਉਨ੍ਹਾ ਕਿਹਾ ਕਿ ਲੇਟਰਲ ਐਂਟਰੀ ਤੋਂ ਬਾਹਰ ਦੇ ਲੋਕਾਂ ਨੂੰ ਸਰਕਾਰ 'ਚ ਲਿਆਵੇਗਾ। ਥੋੜ੍ਹਾ ਜਿਹਾ ਦਬਾਅ ਪਾਇਆ ਤਾਂ ਭਾਜਪਾ ਨੇ ਕਿਹਾ ਕਿ ਇਸ ਤਰ੍ਹਾਂ ਨਹੀਂ ਹੋਵੇਗਾ। ਤੁਸੀਂ ਇਹ ਸਮਝ ਲਓ ਕਿ ਮੋਦੀ ਹੁਣ ਦੇਸ਼ ਦੀ ਜਨਤਾ ਤੋਂ ਡਰ ਰਹੇ ਹਨ। ਰਾਹੁਲ ਨੇ ਕਿਹਾ ਕਿ ਥੋੜ੍ਹਾ ਹੀ ਸਮਾਂ ਰਹਿ ਗਿਆ ਹੈ, ਅਸੀਂ ਨਰਿੰਦਰ ਮੋਦੀ ਅਤੇ ਭਾਜਪਾ ਨੂੰ ਸੱਤਾ ਤੋਂ ਹਟਾ ਦਿਆਂਗੇ।

ਉਨ੍ਹਾ ਕਿਹਾ ਕਿ ਪਹਿਲਾਂ ਨਰਿੰਦਰ ਮੋਦੀ ਛਾਤੀ ਚੌੜੀ ਕਰਕੇ ਆਉਂਦੇ ਸਨ, ਹੁਣ ਇਸ ਤਰ੍ਹਾਂ ਨਹੀਂ। ਪਹਿਲਾਂ ਵੱਡੇ-ਵੱਡੇ ਭਾਸ਼ਣ ਦਿੰਦੇ ਸਨ। ਹੁਣ ਸੰਸਦ 'ਚ ਆਉਣ ਤੋਂ ਪਹਿਲਾਂ ਸੰਵਿਧਾਨ ਨੂੰ ਸਿਰ 'ਤੇ ਰੱਖਦੇ ਅਤੇ ਫਿਰ ਅੰਦਰ ਆਉਂਦੇ ਹਨ। ਇਤਿਹਾਸ 'ਚ ਪਹਿਲੀ ਵਾਰ ਇਸ ਤਰ੍ਹਾਂ ਹੋਇਆ ਕਿ ਇੱਕ ਸੂਬੇ ਤੋਂ ਉਨ੍ਹਾਂ ਦਾ ਦਰਜਾ ਖੋਹ ਲਿਆ ਗਿਆ ਅਤੇ ਯੂ ਟੀ ਬਣਾ ਦਿੱਤਾ। ਅਸੀਂ ਤੈਅ ਕੀਤਾ ਕਿ ਸਭ ਤੋਂ ਪਹਿਲਾਂ ਜੰਮੂ-ਕਸ਼ਮੀਰ ਨੂੰ ਸੂਬੇ ਦਾ ਦਰਜਾ ਦੇਣਾ ਹੈ। ਤੁਹਾਡੀ ਦੌਲਤ ਖੋਹੀ ਜਾ ਰਹੀ ਹੈ। ਤੁਹਾਡੀ ਜ਼ਮੀਨ ਖੋਹੀ ਜਾ ਰਹੀ ਹੈ। ਤੁਹਾਡਾ ਪੈਸਾ ਬਾਹਰ ਦੇ ਲੋਕਾਂ ਨੂੰ ਦਿੱਤਾ ਜਾ ਰਿਹਾ ਹੈ। ਸਾਰੇ ਠੇਕੇ ਬਾਹਰ ਦੇ ਲੋਕਾਂ ਨੂੰ ਮਿਲ ਰਹੇ ਹਨ। ਸਾਡਾ ਪਹਿਲਾ ਕਦਮ ਜੰਮੂ-ਕਸ਼ਮੀਰ ਨੂੰ ਸੂਬੇ ਦਾ ਦਰਜਾ ਵਾਪਸ ਦੇਣ ਦਾ ਹੋਵੇਗਾ। ਅਸੀਂ ਚਾਹੁੰਦੇ ਹਾਂ ਕਿ ਪਹਿਲਾਂ ਤੁਹਾਨੂੰ ਸੂਬੇ ਦਾ ਦਰਜਾ ਮਿਲੇ, ਫਿਰ ਚੋਣਾਂ ਹੋਣ।

ਉਹਨਾ ਕਿਹਾ ਕਿ ਭਾਜਪਾ ਇਸ ਤਰ੍ਹਾਂ ਨਹੀਂ ਚਾਹੁੰਦੀ। ਉਨ੍ਹਾਂ ਦਾ ਕਹਿਣਾ ਹੈ ਕਿ ਪਹਿਲਾ ਚੋਣਾਂ ਹੋਣ, ਫਿਰ ਸੂਬੇ ਦੇ ਦਰਜੇ 'ਤੇ ਗੱਲ ● ਬਾਕੀ ਸਫ਼ਾ 2 'ਤੇ

## ਵਿਨੇਸ਼ ਤੇ ਪੂਨੀਆ ਹਰਿਆਣਾ ਦੇ ਸਿਆਸੀ ਅਖਾੜੇ 'ਚ



**ਨਵੀਂ ਦਿੱਲੀ :** ਭਾਰਤੀ ਭਲਵਾਨ ਵਿਨੇਸ਼ ਫੋਗਾਟ ਅਤੇ ਬਜਰੰਗ ਪੂਨੀਆ ਹਰਿਆਣਾ 'ਚ ਕਾਂਗਰਸ ਦੀ ਟਿਕਟ 'ਤੇ ਵਿਧਾਨ ਸਭਾ ਚੋਣਾਂ ਲੜਨਗੇ। ਉਨ੍ਹਾਂ ਦੀਆਂ ਸੀਟਾਂ ਤੈਅ ਹੋ ਗਈਆਂ ਹਨ। ਵਿਨੇਸ਼ ਫੋਗਾਟ ਹਰਿਆਣਾ ਦੀ ਜੁਲਾਨਾ ਅਤੇ ਬਜਰੰਗ ਪੂਨੀਆ ਬਾਦਲੀ ਤੋਂ ਚੋਣ ਲੜਨਗੇ। ਬੁੱਧਵਾਰ ਨੂੰ ਇਸ ਤੋਂ ਪਹਿਲਾ ਦੋਵੇਂ ਕਾਂਗਰਸ ਆਗੂ ਰਾਹੁਲ ਗਾਂਧੀ ਨੂੰ ਮਿਲੇ। ਇਸ ਤੋਂ ਇਲਾਵਾ ਪਾਰਟੀ ਜਨਰਲ ਸਕੱਤਰ ਵੇਣੂਗੋਪਾਲ ਨਾਲ ਵੀ ਦੋਵਾਂ ਦੀ ਗੱਲਬਾਤ ਹੋਈ। ਦੋਵੇਂ ਸਪੋਰਟਸ ਕੋਟੇ 'ਤੇ ਸਰਕਾਰੀ ਨੌਕਰੀਆਂ 'ਤੇ ਹਨ। ਵਿਨੇਸ਼ ਫੋਗਾਟ ਅਤੇ ਬਜਰੰਗ ਪੂਨੀਆ ਦੇ ਨਾਲ ਰਾਹੁਲ ਗਾਂਧੀ ਦੀ ਮੁਲਾਕਾਤ ਦੀ ਤਸਵੀਰ ਕਾਂਗਰਸ ਨੇ ਸਾਂਝੀ ਕੀਤੀ। ਸੂਤਰਾਂ ਦਾ ਕਹਿਣਾ ਹੈ ਕਿ ਕਾਂਗਰਸ ਸ਼ੁਰੂ ਤੋਂ ਹੀ ਚਾਹੁੰਦੀ ਸੀ ਕਿ ਵਿਨੇਸ਼ ਗੁੜਗਾਓਂ ਦੇ ਕੋਲ ਕਿਸੇ ਸੀਟ ਤੋਂ ਚੋਣ 'ਚ ਉਤਰੇ, ਪਰ ਵਿਨੇਸ਼ ਜੁਲਾਨਾ ਤੋਂ ਹੀ ਚੋਣ ਲੜਨਾ ਚਾਹੁੰਦੀ ਸੀ।

## ਉਮਰ ਨੇ ਗਾਂਦਰਬਲ ਤੋਂ ਨਾਮਜ਼ਦਗੀ ਕੀਤੀ ਦਾਖ਼ਲ

**ਸ੍ਰੀਨਗਰ :** ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਅਤੇ ਨੈਸ਼ਨਲ ਕਾਨਫਰੰਸ (ਐੱਨ ਸੀ) ਦੇ ਪ੍ਰਧਾਨ ਉਮਰ ਅਬਦੁੱਲਾ ਨੇ ਬੁੱਧਵਾਰ ਗਾਂਦਰਬਲ ਵਿਧਾਨ ਸਭਾ ਸੀਟ ਤੋਂ ਆਪਣਾ ਨਾਮਜ਼ਦਗੀ ਦਾਖ਼ਲ ਕੀਤਾ। ਗਾਂਦਰਬਲ ਵਿਧਾਨ ਸਭਾ ਖੇਤਰ ਤੋਂ ਕਾਂਗਰਸ ਦੇ ਇੱਕ ਬਾਗੀ ਸਮੇਤ ਛੇ ਹੋਰ ਉਮੀਦਵਾਰ ਵੀ ਮੈਦਾਨ 'ਚ ਹਨ। ਮੀਡੀਆ ਰਿਪੋਰਟ ਅਨੁਸਾਰ ਉਮਰ ਅਬਦੁਲਾ ਮੱਧ ਕਸ਼ਮੀਰ ਦੀ ਬੜਗਾਮ ਸੀਟ ਤੋਂ ਵੀ ਚੋਣ ਲੜ ਸਕਦੇ ਹਨ।

## ਮੰਗਾਂ ਦੇ ਤਸੱਲੀਬਖਸ਼ ਨਿਪਟਾਰੇ ਤੱਕ ਮੋਰਚਾ ਜਾਰੀ ਰੱਖਣ ਦਾ ਅਹਿਦ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਚੰਡੀਗੜ੍ਹ ਵਿਖੇ ਲਾਏ ਖੇਤੀ ਨੀਤੀ ਮੋਰਚੇ ਦੇ ਚੌਥੇ ਦਿਨ ਜਿੱਥੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਕਾਫਲੇ ਵੱਡੀ ਗਿਣਤੀ 'ਚ ਪਹੁੰਚੇ, ਉਥੇ ਟੈਕਨੀਕਲ ਸਰਵਿਸਿਜ਼ ਯੂਨੀਅਨ (ਭੰਗਲ), ਸਾਬਕਾ ਸੈਨਿਕਾਂ ਅਤੇ ਚੰਨੋ ਫੈਕਟਰੀ ਦੇ ਮਜ਼ਦੂਰ, ਮੁਲਾਜ਼ਮਾਂ ਦੇ ਹਮਾਇਤੀ ਜੱਥੇ ਮੋਰਚੇ 'ਚ ਸ਼ਾਮਲ ਹੋਏ। ਦੂਜੇ ਪਾਸੇ ਰੈਗੂਲਰ ਅਤੇ ਠੇਕਾ ਮੁਲਾਜ਼ਮਾਂ ਦੀਆਂ ਲੱਗਭਗ ਇੱਕ ਦਰਜਨ ਜਥੇਬੰਦੀਆਂ ਵੱਲੋਂ ਮਜ਼ਦੂਰ, ਕਿਸਾਨ ਤੇ ਵਾਤਾਵਰਨ ਪੱਖੀ ਖੇਤੀ ਨੀਤੀ ਮੋਰਚੇ ਦੇ ਹੱਕ 'ਚ ਪੰਜਾਬ ਭਰ 'ਚ ਜ਼ਿਲ੍ਹਾ ਤੇ ਤਹਿਸੀਲ ਕੇਂਦਰ ਦਫਤਰਾਂ ਅੱਗੇ ਰੈਲੀਆਂ ਕਰਨ ਉਪਰੰਤ ਸ਼ਹਿਰਾਂ 'ਚ ਮੁਜ਼ਾਹਰੇ ਕੀਤੇ ● ਬਾਕੀ ਸਫ਼ਾ 2 'ਤੇ

## ਸੜਕ ਹਾਦਸੇ 'ਚ ਚਾਰ ਭਾਰਤੀ ਨੌਜਵਾਨ ਹਲਾਕ

**ਟੈਕਸਸ :** ਅਮਰੀਕਾ 'ਚ ਪੰਜ ਵਾਹਨਾਂ ਦੀ ਹੋਈ ਭਿਆਨਕ ਟੱਕਰ 'ਚ ਚਾਰ ਭਾਰਤੀ ਨੌਜਵਾਨਾਂ ਦੇ ਮਾਰੇ ਜਾਣ ਦੀ ਖ਼ਬਰ ਹੈ।ਇਹ ਹਾਦਸਾ ਟੈਕਸਸ ਸੂਬੇ ਦੇ ਸ਼ਹਿਰ ਆਨਾ ਦੇ ਇਕ ਹਾਈਵੇ 'ਤੇ ਉਦੋਂ ਹੋਇਆ, ਜਦੋਂ ਇਕ ਟਰੱਕ ਨੇ ਭਾਰਤੀ ਨੌਜਵਾਨਾਂ ਦੀ ਕਾਰ ਨੂੰ ਪਿੱਛਿਓਂ ਟੱਕਰ ਮਾਰ ਦਿੱਤੀ। ਟੱਕਰ ਹੁੰਦਿਆਂ ਹੀ ਕਾਰ ਨੂੰ ਅੱਗ ਲੱਗ ਗਈ।ਮ੍ਰਿਤਕਾਂ ਦੀ ਪਛਾਣ ਆਰੀਅਨ ਰਘੂਨਾਥ ਓਰਮਪੱਟੀ, ਫ਼ਾਰੂਕ ਸ਼ੇਖ, ਲੋਕੇਸ਼ ਪਲਾਚਰਲਾ ਤੇ ਦਰਸ਼ਿਨੀ ਵਾਸੂਦੇਵਨ ਵਜੋਂ ਹੋਈ ਹੈ। ਰਿਪੋਰਟ ਅਨੁਸਾਰ ਚਾਰੇ ਜਣੇ ਇੱਕ ਕਾਰ ਪੂਲਿੰਗ ਐਪ ਜ਼ਰੀਏ ਇਸ ਕਾਰ 'ਚ ਸਵਾਰ ਸਨ ਅਤੇ ਬੈਂਟੋਨਵਿਲੇ ਨੂੰ ਜਾ ਰਹੇ ਸਨ। ਆਰੀਅਨ ਅਤੇ ਫ਼ਾਰੂਕ ਵੈਂਟੋਨਵਿਲੇ ਦੇ ਵਸਨੀਕ ਸਨ ਤੇ ਡਲਾਸ 'ਚ ਇਕ ਸਮਾਗਮ ਤੋਂ ਪਰਤ ਰਹੇ ਸਨ।ਲੋਕੇਸ਼ ਆਪਣੀ ਪਤਨੀ ਕੋਲ ਵੈਂਟੋਨਵਿਲੇ ਜਾ ਰਿਹਾ ਸੀ, ਜਦੋਂਕਿ ਦਰਸ਼ਿਨੀ ਵੀ ਆਪਣੇ ਅੰਕਲ ਨੂੰ ਮਿਲਣ ਉਥੇ ਜਾ ਰਹੀ ਸੀ।

## ਅੱਜ-ਨਾਮਾ

ਭਾਰਤ ਲਈ ਜੋ ਮੁਲਕ ਸੀ ਸਦਾ ਮਿੱਤਰ,
ਇੱਕ ਹੈ ਉਨ੍ਹਾਂ ਜਿਹਾ ਦੇਸ਼ ਨੇਪਾਲ ਬੇਲੀ।
ਸਦੀਆਂ ਤੀਕਰ ਜੋ ਸਾਂਝ ਹੈ ਨਿਭੀ ਆਈ,
ਸਾਂਝਾਂ ਇਹ ਰਿਹਾ ਨੇਪਾਲ ਨਾ ਪਾਲ ਬੇਲੀ।
ਝਗੜਾ-ਰੱਟਾ ਕੁਝ ਨਿੱਤ ਹੈ ਪਿਆ ਹੁੰਦਾ,
ਰਿਹਾ ਚਿਰਾਂ ਤੋਂ ਭਾਰਤ ਇਹ ਟਾਲ ਬੇਲੀ।
ਨੇਪਾਲ ਦੀ ਨਵੀਂ ਕਰੰਸੀ ਹੈ ਛਪਣ ਵਾਲੀ,
ਆਇਆ ਈ ਓਸ ਦੇ ਨਾਲ ਭੁਚਾਲ ਬੇਲੀ।
ਵਿਵਾਦਤ ਨਕਸ਼ਾ ਹੈ ਛਾਪਿਆ ਜਾਣ ਲੱਗਾ,
ਜੀਹਦਾ ਇਤਹਾਸ ਦੇ ਨਾਲ ਨਾ ਮੇਲ ਬੇਲੀ।
ਕਰਨਾ ਭਾਰਤ ਨੇ ਕਦੇ ਪ੍ਰਵਾਨ ਉਹ ਨਹੀਂ,
ਪਾਊਗਾ ਸਾਂਝ ਦੇ ਜੜ੍ਹਾਂ ਵਿੱਚ ਤੇਲ ਬੇਲੀ।

-ਤੀਸ ਮਾਰ ਖਾਂ

## ਸਚਿਨ ਨੇ ਗੋਲਾ ਸੁੱਟਣ 'ਚ ਜਿੱਤੀ ਚਾਂਦੀ



**ਨਵੀਂ ਦਿੱਲੀ :** ਭਾਰਤ ਨੂੰ ਪੈਰਿਸ ਪੈਰਾ-ਉਲੰਪਿਕ 'ਚ 21ਵਾਂ ਤਮਗਾ ਮਿਲਿਆ। ਸਚਿਨ ਨੇ ਦੇਸ਼ ਨੂੰ ਗੋਲਾ ਸੁੱਟਣ 'ਚ ਚਾਂਦੀ ਦਾ ਤਮਗਾ ਦਿਵਾਇਆ। ਭਾਰਤ ਨੇ ਬੁੱਧਵਾਰ ਮਰਦਾਂ ਦੇ ਐੱਫ 46 ਗੋਲਾ ਸੁੱਟਣ ਦੇ ਮੁਕਾਬਲੇ 'ਚ ਸਚਿਨ ਸਰਜੇਰਾਓ ਨੇ 16.32 ਮੀਟਰ ਥਰੋ ਸੁੱਟ ਕੇ ਚਾਂਦੀ ਦਾ ਤਮਗਾ ਆਪਣੇ ਨਾਂਅ ਕੀਤਾ। ਸਚਿਨ ਸਿਰਫ਼ 0.06 ਮੀਟਰ ਨਾਲ ਸੋਨੇ ਦੇ ਤਮਗੇ ਤੋਂ ਖੁੰਝ ਗਏ। ਕੈਨੇਡਾ ਦੇ ਗ੍ਰੇਗ ਸਟੀਵਰ ਨੇ 16.38 ਮੀਟਰ ਥਰੋ ਦੇ ਨਾਲ ਸੋਨੇ ਦਾ ਤਮਗਾ ਆਪਣੇ ਨਾਂਅ ਕੀਤਾ। ਇਸ ਮੁਕਾਬਲੇ 'ਚ ਭਾਰਤ ਦੇ ਮੁਹੰਮਦ ਯਾਸੇਰ ਅੱਠਵੇਂ ਅਤੇ ਰੋਹਿਤ ਕੁਮਾਰ ਨੌਵੇਂ ਸਥਾਨ 'ਤੇ ਰਹੇ।



5-SEP-PAGE-03-Advt.qxd 9/4/2024 10:55 PM Page 1



Punjab Land of Unlimited Opportunities

# ਸਾਡੇ ਅਧਿਆਪਕ ਬਣਾਉਣਗੇ ਭਾਰਤ ਨੂੰ No.1

## ਅਧਿਆਪਕ ਦਿਵਸ ਦੀਆਂ ਤਹਿ ਦਿਲੋਂ ਮੁਬਾਰਕਾਂ









## ਪੰਜਾਬ ਸਿੱਖਿਆ ਪ੍ਰਣਾਲੀ ਦੀਆਂ ਮੁੱਖ ਪ੍ਰਾਪਤੀਆਂ

- ਅਧਿਆਪਕਾਂ ਨੂੰ ਵਿਸ਼ੇਸ਼ ਸਿਖਲਾਈ ਲਈ ਸਿੰਗਾਪੁਰ ਤੇ ਫ਼ਿਨਲੈਂਡ ਭੇਜਿਆ
- 12,710 ਅਧਿਆਪਕਾਂ ਨੂੰ ਪੱਕਾ ਕੀਤਾ ਅਤੇ 2 ਤੋਂ 4 ਗੁਣਾ ਤਨਖ਼ਾਹ ਵਧਾਈ
- 118 ਨਵੇਂ ਸਕੂਲ ਆਫ਼ ਐਮੀਨੈਂਸ ਦੀ ਸ਼ੁਰੂਆਤ
- ਹਜ਼ਾਰਾਂ ਬੱਚਿਆਂ ਦਾ ਰੁਝਾਨ ਪ੍ਰਾਈਵੇਟ ਸਕੂਲਾਂ ਤੋਂ ਸਰਕਾਰੀ ਸਕੂਲਾਂ ਵੱਲ ਵਧਿਆ
- ਵੱਡੇ ਪੱਧਰ 'ਤੇ ਸਰਕਾਰੀ ਯੂਨੀਵਰਸਿਟੀਆਂ ਤੇ ਸਕੂਲਾਂ ਵਿੱਚ ਦਾਖਲੇ ਹੋਏ



"ਮਾਤਾ-ਪਿਤਾ ਤੋਂ ਬਾਅਦ ਅਧਿਆਪਕ ਨੂੰ ਇੱਕ ਵਿਅਕਤੀ ਦੀ ਜ਼ਿੰਦਗੀ ਦਾ ਅਹਿਮ ਹਿੱਸਾ ਮੰਨਿਆ ਜਾਂਦਾ ਹੈ। ਅਧਿਆਪਕ ਦਿਵਸ ਮੌਕੇ ਮੈਂ ਦੇਸ਼ ਅਤੇ ਸਮਾਜ ਦਾ ਨਿਰਮਾਣ ਕਰਨ ਵਾਲੇ ਸਾਰੇ ਅਧਿਆਪਕਾਂ ਨੂੰ ਸਲਾਮ ਕਰਦਾ ਹਾਂ। ਇਸ ਮੌਕੇ ਸਾਰੇ ਅਧਿਆਪਕਾਂ ਨੂੰ ਮੇਰੀਆਂ ਦਿਲੀ ਸ਼ੁਭਕਾਮਨਾਵਾਂ।"

**ਭਗਵੰਤ ਸਿੰਘ ਮਾਨ**
ਮੁੱਖ ਮੰਤਰੀ, ਪੰਜਾਬ

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

5-Sep-PAGE-4.qxd 9/4/2024 10:59 PM Page 1

ਨਵਾਂ ਜ਼ਮਾਨਾ
ਵੀਰਵਾਰ, 5 ਸਤੰਬਰ 2024

# ਰੁਜ਼ਗਾਰ ਗਰੰਟੀ ਕਾਨੂੰਨ ਸਮੇਂ ਦੀ ਲੋੜ

*ਨੌਜਵਾਨ ਕਿਸੇ ਵੀ ਸਮਾਜ ਦਾ ਭਵਿੱਖ ਹੁੰਦੇ ਹਨ। ਨੌਜਵਾਨਾਂ ਦੀ ਕਿਰਤ ਸਮਰੱਥਾ ਹੀ ਕਿਸੇ ਦੇਸ਼ ਦੇ ਵਿਕਾਸ ਨੂੰ ਨਵੀਆਂ ਉਚਾਈਆਂ 'ਤੇ ਲਿਜਾ ਸਕਦੀ ਹੈ। ਇਸ ਲਈ ਜ਼ਰੂਰੀ ਹੁੰਦਾ ਹੈ ਕਿ ਉਨ੍ਹਾਂ ਦੀ ਯੋਗਤਾ ਅਨੁਸਾਰ ਉਨ੍ਹਾਂ ਨੂੰ ਕੰਮ ਦੇ ਮੌਕੇ ਮੁਹੱਈਆ ਕੀਤੇ ਜਾਣ। ਲੁੱਟ ਉੱਤੇ ਅਧਾਰਤ ਸਰਮਾਏਦਾਰੀ ਵਿਵਸਥਾ ਵਿੱਚ ਇਹ ਹੁੰਦਾ ਨਹੀਂ, ਕਿਉਂਕਿ ਕਿਰਤ ਦੀ ਲੁੱਟ ਨੂੰ ਹੋਰ ਤੇਜ਼ ਕਰਨ ਲਈ ਵਿਹਲੇ ਨੌਜਵਾਨਾਂ ਦੀ ਫੌਜ ਸਿਸਟਮ ਦੀ ਲੋੜ ਹੁੰਦੀ ਹੈ ਤਾਂ ਜੋ ਸਸਤੀ ਕਿਰਤ ਹਾਸਲ ਹੋ ਸਕੇ। ਅਜਿਹੀ ਸਥਿਤੀ ਵਿੱਚ ਵਿਹਲੀ ਜਵਾਨੀ ਸਮਾਜ ਲਈ ਸੁਨਹਿਰੇ ਭਵਿੱਖ ਦੀ ਥਾਂ ਸਰਾਪ ਬਣ ਜਾਂਦੀ ਹੈ। ਉਹ ਨਿਰਾਸ਼ਾ ਦੇ ਆਲਮ ਵਿੱਚ ਨਸ਼ਿਆਂ ਦਾ ਸ਼ਿਕਾਰ ਹੋ ਕੇ ਅਪਰਾਧ ਦੀ ਦੁਨੀਆ ਵਿੱਚ ਸ਼ਾਮਲ ਹੋ ਜਾਂਦੇ ਹਨ। ਅੱਜ ਦੇ ਬਜਰੰਗ ਦਲੀਏ, ਗਊ-ਰਖਿਅਕ, ਗੈਂਗਸਟਰ ਤੇ ਚੋਰ-ਉਚੱਕੇ ਸਭ ਇਸੇ ਸਥਿਤੀ ਦੀ ਪੈਦਾਵਾਰ ਹਨ। ਸਰਮਾਏ ਤੇ ਸਿਆਸਤ ਦਾ ਗੱਠਜੋੜ ਇਨ੍ਹਾਂ ਨੂੰ ਆਪਣੇ ਸਿਆਸੀ ਮਕਸਦ ਲਈ ਵਰਤ ਕੇ ਆਪਣੇ ਉਮਰ ਲੰਮੀ ਕਰਦਾ ਰਹਿੰਦਾ ਹੈ।*

*ਨੌਜਵਾਨਾਂ ਵਿੱਚ ਇਸ ਸਮੇਂ ਬੇਰੁਜ਼ਗਾਰੀ ਦੀ ਸਮੱਸਿਆ ਕਿਸ ਹੱਦ ਤੱਕ ਗੰਭੀਰ ਹੋ ਚੁੱਕੀ ਹੈ, ਇਸ ਦਾ ਪਤਾ ਹੁਣੇ ਜਿਹੇ ਸਾਹਮਣੇ ਆਈਆਂ ਦੋ ਘਟਨਾਵਾਂ ਤੋਂ ਲੱਗ ਜਾਂਦਾ ਹੈ। ਝਾਰਖੰਡ ਵਿੱਚ 22 ਅਗਸਤ ਨੂੰ 7 ਕੇਂਦਰਾਂ ਵਿੱਚ ਆਬਕਾਰੀ ਸਿਪਾਹੀ ਭਰਤੀ ਲਈ ਫਿਟਨੈੱਸ ਟੈਸਟ ਲਏ ਗਏ ਸਨ। ਪਹਿਲੇ 11 ਦਿਨਾਂ ਵਿੱਚ ਦੌੜਨ ਦੌਰਾਨ 11 ਉਮੀਦਵਾਰਾਂ ਦੀ ਮੌਤ ਹੋ ਗਈ। ਇਸ ਤੋਂ ਭਰਤੀ ਪ੍ਰਕਿਰਿਆ ਵਿੱਚ ਸ਼ਾਮਲ ਹੋਣ ਵਾਲੇ ਨੌਜਵਾਨਾਂ ਦੀ ਮਾਨਸਿਕ ਦਸ਼ਾ ਸਮਝੀ ਜਾ ਸਕਦੀ ਹੈ। ਉਨ੍ਹਾਂ 'ਤੇ ਨੌਕਰੀ ਹਾਸਲ ਕਰਨ ਦਾ ਏਨਾ ਬੋਝ ਸੀ ਕਿ ਉਹ ਇਸ ਲਈ ਜਾਨ ਦੀ ਬਾਜ਼ੀ ਲਾ ਦੇਣ ਦੀ ਵੀ ਤਿਆਰ ਸਨ। ਇਸ ਲਈ ਉਨ੍ਹਾਂ ਸਮਰੱਥਾ ਤੋਂ ਵੀ ਵੱਧ ਤਾਕਤ ਲਾਈ ਤੇ ਜਾਨ ਗੁਆ ਬੈਠੇ। ਇਨ੍ਹਾਂ ਤੋਂ ਇਲਾਵਾ 310 ਉਮੀਦਵਾਰ ਦੌੜ ਦੌਰਾਨ ਬੇਹੋਸ਼ ਹੋ ਗਏ ਸਨ।*

*ਦੂਜੀ ਘਟਨਾ ਹਰਿਆਣਾ ਦੀ ਹੈ, ਜਿੱਥੇ ਠੇਕੇ 'ਤੇ ਸ.ਫਾਈ ਕਰਮਚਾਰੀ ਭਰਤੀ ਕਰਨ ਲਈ ਅਰਜ਼ੀਆਂ ਮੰਗੀਆਂ ਗਈਆਂ ਸਨ। ਇਨ੍ਹਾਂ ਸ.ਫਾਈ ਕਰਮਚਾਰੀਆਂ ਨੂੰ 15000 ਰੁਪਏ ਮਹੀਨਾ ਦੀ ਨਿਗੂਣੀ ਤਨਖਾਹ ਮਿਲਣੀ ਹੈ। ਹਰਿਆਣਾ ਕੌਸ਼ਲ ਰੁਜ਼ਗਾਰ ਨਿਗਮ ਅਨੁਸਾਰ ਇਨ੍ਹਾਂ ਅਸਾਮੀਆਂ ਲਈ 2 ਸਤੰਬਰ ਤੱਕ 39,990 ਗਰੈਜੂਏਟ, 6112 ਪੋਸਟ ਗਰੈਜੂਏਟ ਤੇ 1,77,144 12ਵੀਂ ਪਾਸ ਨੌਜਵਾਨਾਂ ਨੇ ਦਰਖਾਸਤਾਂ ਦਿੱਤੀਆਂ ਹਨ। ਇਨ੍ਹਾਂ ਸ.ਫਾਈ ਕਰਮਚਾਰੀਆਂ ਦਾ ਕੰਮ ਸੜਕਾਂ, ਪਾਰਕਾਂ ਤੇ ਇਮਾਰਤਾਂ ਦੀ ਸ.ਫਾਈ ਤੇ ਕਚਰਾ ਇਕੱਠਾ ਕਰਨਾ ਹੋਵੇਗਾ। 'ਹਿੰਦੋਸਤਾਨ ਟਾਈਮਜ਼' ਦੇ ਪੱਤਰਕਾਰ ਨੇ ਜਦੋਂ ਗਰੈਜੂਏਟ ਤੇ ਪੋਸਟ-ਗਰੈਜੂਏਟ ਸਿੱਖਿਆ ਪ੍ਰਾਪਤ ਦਰਖਾਸਤ ਦੇਣ ਵਾਲਿਆਂ ਤੋਂ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਬੇਰੁਜ਼ਗਾਰੀ ਤੇ ਆਰਥਿਕ ਸੰਕਟ ਕਾਰਨ ਉਹਨਾਂ ਇਨ੍ਹਾਂ ਅਸਾਮੀਆਂ ਲਈ ਦਰਖਾਸਤ ਦਿੱਤੀ ਹੈ।*

*ਹਰਿਆਣਾ ਵਿੱਚ ਬੇਰੁਜ਼ਗਾਰੀ ਭਿਆਨਕ ਰੂਪ ਧਾਰ ਚੁੱਕੀ ਹੈ। ਕਿਰਤ ਸ਼ਕਤੀ ਸਰਵੇਖਣ ਦੀ 16 ਅਗਸਤ ਨੂੰ ਜਾਰੀ ਰਿਪੋਰਟ ਅਨੁਸਾਰ ਹਰਿਆਣਾ ਦੇ ਸ਼ਹਿਰੀ ਖੇਤਰਾਂ ਵਿੱਚ 15 ਤੋਂ 29 ਸਾਲ ਦੀ ਉਮਰ ਦੇ ਲੋਕਾਂ ਵਿੱਚ ਬੇਰੁਜ਼ਗਾਰੀ ਦੀ ਦਰ ਇਸ ਸਾਲ ਅਪ੍ਰੈਲ ਤੋਂ ਜੂਨ ਤੱਕ ਦੀ ਤਿਮਾਹੀ ਦੌਰਾਨ 9.5 ਤੋਂ ਵਧ ਕੇ 11.2 .ਫੀਸਦੀ ਹੋ ਗਈ ਹੈ। ਬਾਕੀ ਰਾਜਾਂ ਦੀ ਸਥਿਤੀ ਇਸ ਤੋਂ ਵੱਖਰੀ ਨਹੀਂ ਹੈ। ਹਾਲਤ ਇਸੇ ਤਰ੍ਹਾਂ ਰਹੀ ਤਾਂ ਜਵਾਨੀ ਚੁੱਪ ਨਹੀਂ ਬੈਠੇਗੀ। ਸਾਡੇ ਹਾਕਮਾਂ ਨੂੰ ਬੰਗਲਾਦੇਸ਼ ਦੀਆਂ ਘਟਨਾਵਾਂ ਤੋਂ ਸਬਕ ਸਿੱਖ ਕੇ ਆਪਣੀਆਂ ਕਾਰਪੋਰੇਟ ਪੱਖੀ ਨੀਤੀਆਂ ਤੋਂ ਕਿਨਾਰਾ ਕਰਕੇ ਲੋਕ-ਪੱਖੀ ਨੀਤੀਆਂ ਵੱਲ ਮੋੜਾ ਕੱਟਣਾ ਚਾਹੀਦਾ ਹੈ।*

*ਦੇਸ਼ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਕੰਮ ਦੀ ਗਰੰਟੀ ਦੇ ਅਧਿਕਾਰ ਦੀ ਮੰਗ ਕੀਤੀ ਜਾ ਰਹੀ ਹੈ। ਪੰਜਾਬ ਵਿੱਚ ਸਰਬ ਭਾਰਤ ਨੌਜਵਾਨ ਸਭਾ ਤੇ ਕੁੱਲ ਹਿੰਦ ਵਿਦਿਆਰਥੀ ਫੈਡਰੇਸ਼ਨ ਦੀਆਂ ਰਾਜ ਇਕਾਈਆਂ ਲੰਮੇ ਸਮੇਂ ਤੋਂ 'ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ' (ਬਨੇਗਾ) ਪਾਸ ਕੀਤੇ ਜਾਣ ਦੀ ਮੰਗ ਕਰ ਰਹੀਆਂ ਹਨ। ਇਨ੍ਹਾਂ ਵੱਖ-ਵੱਖ ਚੱਲ ਰਹੇ ਅੰਦੋਲਨਾਂ ਨੂੰ ਇੱਕ ਲੜੀ ਵਿੱਚ ਪਰੋ ਕੇ ਜਵਾਨੀ ਦੀ ਲਲਕਾਰ ਬਣਾ ਦੇਣਾ ਸਮੇਂ ਦੀ ਅਣਸਰਦੀ ਲੋੜ ਹੈ।*

**-ਚੰਦ ਫਤਿਹਪੁਰੀ**

---

ਅਧਿਆਪਕ ਦਿਵਸ 'ਤੇ ਵਿਸ਼ੇਸ਼

# ਸੇਵਾ ਹਾਲਤਾਂ ਸੰਬੰਧੀ ਕੋਠਾਰੀ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਕਰੋ

**ਚਰਨ ਸਿੰਘ ਸਰਾਭਾ**

ਪੰਜ ਸਤੰਬਰ ਦਾ ਦਿਨ ਹਰ ਸਾਲ ਸਾਡੇ ਦੇਸ਼ ਵਿੱਚ ਅਧਿਆਪਕ ਦਿਵਸ ਵਜੋਂ ਮਨਾਇਆ ਜਾਂਦਾ ਹੈ, ਕਿਉਂਕਿ ਸਾਡੇ ਆਜ਼ਾਦ ਭਾਰਤ ਦੇ ਦੂਜੇ ਰਾਸ਼ਟਰਪਤੀ ਮਰਹੂਮ ਮਾਨਯੋਗ ਡਾ. ਰਾਧਾਕ੍ਰਿਸ਼ਨਨ ਜੀ ਜੋ ਇੱਕ ਉੱਘੇ ਅਧਿਆਪਕ ਅਤੇ ਦਾਰਸ਼ਨਿਕ ਸਨ, ਨੇ ਆਪਣਾ ਜਨਮ ਦਿਨ ਪੰਜ ਸਤੰਬਰ ਦੇਸ਼ ਦੇ ਅਧਿਆਪਕ ਵਰਗ ਅਤੇ ਅਧਿਆਪਨ ਕਿੱਤੇ ਦੇ ਮਾਣ ਵਜੋਂ ਸਮਰਪਿਤ ਕਰ ਦਿੱਤਾ ਸੀ। ਉਨ੍ਹਾਂ ਦੇ ਇਸ ਫੈਸਲੇ ਤੋਂ ਉਨ੍ਹਾਂ ਦੀ ਅਧਿਆਪਨ ਕਿੱਤੇ ਪ੍ਰਤੀ ਸੰਵੇਦਨਸ਼ੀਲਤਾ ਅਤੇ ਸਤਿਕਾਰ ਦਾ ਹੀ ਪ੍ਰਗਟਾਵਾ ਸੀ ਕਿ ਉਨ੍ਹਾਂ ਆਪਣਾ ਜਨਮ ਦਿਨ ਭਾਰਤ ਦੇ ਰਾਸ਼ਟਰਪਤੀ ਵਜੋਂ ਨਹੀਂ, ਇੱਕ ਅਧਿਆਪਕ ਵਜੋਂ ਮਨਾਉਣ ਨੂੰ ਪਹਿਲ ਦਿੱਤੀ ਸੀ।

ਭਾਵੇਂ ਸੰਸਾਰ ਵਿੱਚ ਹਰ ਖੇਤਰ ਦੇ ਕਿੱਤੇ ਆਪਣੀ-ਆਪਣੀ ਥਾਂ ਮਹੱਤਵਪੂਰਨ ਹਨ, ਪ੍ਰੰਤੂ ਅਧਿਆਪਕ ਕਿੱਤੇ ਨੂੰ ਸਾਰੇ ਕਿੱਤਿਆਂ ਦੀ ਮਾਂ ਕਿਹਾ ਜਾਂਦਾ ਹੈ, ਕਿਉਂਕਿ ਜੀਵਨ ਦੀਆਂ ਉਪਰਲੀਆਂ ਅਵਸਥਾਵਾਂ ਅਤੇ ਕਿੱਤਿਆਂ ਦੇ ਖੇਤਰ ਵਿੱਚ ਪਰਵੇਸ਼ ਕਰਨ ਵਾਲਾ ਹਰ ਮਨੁੱਖ ਆਰੰਭ ਵਿੱਚ ਆਪਣੇ ਪ੍ਰਾਇਮਰੀ ਸਕੂਲ ਵਾਲੇ ਅਧਿਆਪਕ ਤੋਂ ਹੀ ਆਪਣੀ ਸਿੱਖਿਆ ਪ੍ਰਾਪਤੀ ਦਾ ਆਰੰਭ ਕਰਦਾ ਹੈ। ਅਧਿਆਪਕ ਕਿੱਤੇ ਦੀ ਮਹੱਤਤਾ ਨੂੰ ਸਮਝਦੇ ਹੋਏ 1966 ਵਿੱਚ ਫ਼ਰਾਂਸ ਵਿੱਚ ਸੰਸਾਰ ਦੇ ਵੱਖ-ਵੱਖ ਦੇਸ਼ਾਂ ਵੱਲੋਂ ਸਾਂਝੇ ਤੌਰ 'ਤੇ ਅੰਤਰ ਦੇਸੀ ਕਾਨਫ਼ਰੰਸ ਕੀਤੀ ਗਈ ਸੀ, ਜਿਸ ਵਿੱਚ ਅਧਿਆਪਕ ਰੁਤਬੇ ਅਤੇ ਸੇਵਾ ਹਾਲਤਾਂ ਸੰਬੰਧੀ ਵਿਚਾਰ ਕਰਕੇ ਸਾਂਝੀਆਂ ਸਿਫ਼ਾਰਸ਼ਾਂ ਕੀਤੀਆਂ ਗਈਆਂ ਸਨ। ਸਾਡਾ ਦੇਸ਼ ਭਾਰਤ ਵੀ ਇਸ ਕਾਨਫ਼ਰੰਸ ਵਿੱਚ ਸ਼ਾਮਲ ਸੀ ਅਤੇ ਸਹੀ ਕਰਤਾ ਸੀ। ਸੰਸਾਰ ਵਿੱਚ ਸੱਭਿਅਤਾ ਦੇ ਵਿਕਾਸ ਸੰਬੰਧੀ ਚਿੰਤਕਾਂ ਅਤੇ ਵਿਦਵਾਨਾਂ ਨੇ ਵੀ ਇਸ ਵਿਕਾਸ ਵਿੱਚ ਅਧਿਆਪਕ ਦੀ ਭੂਮਿਕਾ ਨੂੰ ਇਕ ਮੋਮਬੱਤੀ ਵਾਂਗ ਕਿਹਾ ਸੀ? ਜੋ ਆਮ ਨਿਰੰਤਰ ਬਲਦੀ ਹੈ ਅਤੇ ਆਪਣੇ ਆਲੇ-ਦੁਆਲੇ ਲਈ ਪ੍ਰਕਾਸ਼ ਦਾ ਪਸਾਰਾ ਕਰਦੀ ਹੈ।

ਅਜਿਹੇ ਹੀ ਇੱਕ ਹੋਰ ਵਿਦਵਾਨ ਨੇ ਕਿਹਾ ਸੀ ਕਿ ਅਧਿਆਪਕ ਇਕ ਪੌੜੀ ਵਾਂਗ ਹੈ, ਜਿਸ ਦੀ ਸਹਾਇਤਾ ਨਾਲ ਉਸ ਦੇ ਵਿਦਿਆਰਥੀ ਉਪਰਲੀਆਂ ਮੰਜ਼ਲਾਂ ਤੱਕ ਪੁੱਜ ਜਾਂਦੇ ਹਨ, ਜਦੋਂ ਕਿ ਪੌੜੀ ਉਥੇ ਹੀ ਰਹਿੰਦੀ ਹੈ। ਅਧਿਆਪਕ ਕਿੱਤੇ ਦੀ ਵਿਸ਼ੇਸ਼ਤਾ ਹੈ ਕਿ ਜਦੋਂ ਉਹ ਆਪਣੇ ਵਿਦਿਆਰਥੀਆਂ ਦੀ ਜਮਾਤ ਵਿੱਚ ਜਾਂਦਾ ਹੈ ਤਾਂ ਉਸ ਦਾ ਯਤਨ ਹੁੰਦਾ ਹੈ ਕਿ ਸੰਬੰਧਤ ਵਿਸ਼ੇ ਦੇ ਮੁੱਦੇ ਉੱਪਰ ਸਾਰੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਗਿਆਨ ਵੰਡ ਦੇਵੇ, ਜੋ ਉਸ ਨੇ ਆਪਣੇ ਵਿਦਿਆਰਥੀ ਜੀਵਨ ਅਤੇ ਅਧਿਆਪਨ ਕਿੱਤੇ ਵਿੱਚ ਪਰਵੇਸ਼ ਕਰਨ ਉਪਰੰਤ ਇਕੱਠੇ ਕੀਤੇ ਤਜਰਬੇ ਵਿੱਚੋਂ ਪ੍ਰਾਪਤ ਕੀਤਾ ਹੁੰਦਾ ਹੈ। ਇਸ ਤੋਂ ਬਿਨਾਂ ਅਧਿਆਪਕ ਸਾਰੇ ਵਿਦਿਆਰਥੀਆਂ ਨੂੰ ਇਕਸਾਰ ਸੰਜੀਦਗੀ ਨਾਲ ਸਿਖਾਉਣ ਦਾ ਯਤਨ ਕਰਦਾ ਹੈ, ਜਿਵੇਂ ਵਰ੍ਹਦੇ ਮੀਂਹ ਦੀਆਂ ਕਣੀਆਂ ਵਿੱਚ ਪਾਣੀ ਦੀ ਇਕਸਾਰਤਾ ਵਾਲੀ ਵੰਡ ਹੁੰਦੀ ਹੈ। ਆਪਣੀ ਜਮਾਤ ਵਿੱਚ ਕਿਸੇ ਵੀ ਵਿਦਿਆਰਥੀ ਨਾਲ ਅਮੀਰ-ਗਰੀਬ, ਜਾਤ-ਪਾਤ ਜਾਂ ਧਾਰਮਿਕ ਵਿਤਕਰਾ ਨਹੀਂ ਕਰਦਾ ਅਤੇ ਸਾਰੇ ਵਿਦਿਆਰਥੀਆਂ ਨੂੰ ਮਨੁੱਖਤਾ ਦੀ ਸਰਬ-ਸਾਂਝੀਵਾਲਤਾ ਦਾ ਸੰਕਲਪ ਵੀ ਪ੍ਰਦਾਨ ਕਰਦਾ ਹੈ। ਇਸ ਤਰ੍ਹਾਂ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਕੇਵਲ ਨਿਸ਼ਚਿਤ ਵਿਦਿਅਕ ਪ੍ਰੀਖਿਆ ਵਾਸਤੇ ਹੀ ਤਿਆਰ ਨਹੀਂ ਕਰਦਾ, ਸਗੋਂ ਉਸ ਨੂੰ ਸਮੁੱਚੇ ਜੀਵਨ ਵਿੱਚ, ਸਮਾਜ ਵਿੱਚ, ਦੇਸ਼ ਵਿੱਚ ਅਤੇ ਸੰਸਾਰ ਪੱਧਰ ਤੱਕ ਵੀ ਇਕ ਸਫ਼ਲ ਮਨੁੱਖ ਵਜੋਂ ਵਿਚਰ ਸਕਣ ਲਈ ਤਿਆਰ ਕਰਦਾ ਹੈ। ਦੇਸ਼ ਦੇ ਮਨੁੱਖੀ, ਸਮਾਜਿਕ ਅਤੇ ਕੌਮੀ ਵਿਕਾਸ ਵਿੱਚ ਅਧਿਆਪਕ ਦੀ ਫੈਸਲਾਕੁੰਨ ਭੂਮਿਕਾ ਨੂੰ ਸਮਝਦੇ ਹੋਏ ਹੀ ਕੋਠਾਰੀ ਸਿੱਖਿਆ ਕਮਿਸ਼ਨ ਨੇ ਅਧਿਆਪਕ ਨੂੰ ਕੌਮ ਦਾ ਨਿਰਮਾਤਾ ਕਿਹਾ ਸੀ।'

ਉਪਰੋਕਤ ਵਰਨਣ ਕੀਤੇ ਪਿਛੋਕੜ ਵਿੱਚੋਂ ਧਿਆਨ ਮੰਗਦੀ ਗੱਲ ਹੈ ਕਿ ਅੱਜ ਸਾਡੇ ਮਹਾਨ ਭਾਰਤ ਵਿੱਚ ਅੱਜ ਦੀਆਂ ਹਾਲਤਾਂ ਵਿੱਚ ਸਾਡੇ ਅਧਿਆਪਕ ਦੀ ਸੰਜੀਦਾ, ਸੰਵੇਦਨਸ਼ੀਲ, ਮਹੱਤਵਪੂਰਨ ਅਤੇ ਜ਼ਰੂਰੀ ਬਣਦੀ ਭੂਮਿਕਾ ਲਈ ਕਿੰਨੀਆਂ ਕੁ ਸੰਭਾਵਨਾਵਾਂ ਉਪਲੱਬਧ ਹਨ? ਕੀ ਸਾਡੀਆਂ ਸਰਕਾਰਾਂ ਜਾਂ ਸਮਾਜ ਅਧਿਆਪਕਾਂ ਦੀਆਂ ਇਨ੍ਹਾਂ ਜ਼ਿੰਮੇਵਾਰੀਆਂ ਅਤੇ ਕਾਰਜਵਿਧੀ ਦੀ ਗੰਭੀਰਤਾ ਨੂੰ ਨੇੜਿਉਂ ਦੇਖਦੇ ਹਨ ਅਤੇ ਸਮਝਦੇ ਹਨ? ਇਸ ਤਰ੍ਹਾਂ ਕੀ ਅਧਿਆਪਕ ਕਿੱਤੇ ਅਤੇ ਅਧਿਆਪਕ ਰੁਤਬੇ ਨੂੰ ਬਣਦੀ ਮਾਨਤਾ ਦਿੱਤੀ ਜਾਂਦੀ ਹੈ? ਸਪੱਸ਼ਟ ਸਾਹਮਣੇ ਹੈ ਕਿ ਪ੍ਰਬੰਧਕੀ ਢਾਂਚੇ ਵੱਲੋਂ ਵੀ ਅਧਿਆਪਕ ਨੂੰ ਕੇਵਲ ਇਕ ਹੁਕਮ ਮੰਨਣ ਵਾਲਾ ਅਧੀਨ ਕਰਮਚਾਰੀ ਹੀ ਮੰਨਿਆ ਜਾਂ ਸਮਝਿਆ ਜਾਂਦਾ ਹੈ। ਜਦੋਂ ਕਿ ਕੋਠਾਰੀ ਸਿੱਖਿਆ ਕਮਿਸ਼ਨ (1964-66), ਚਟੋਪਾਧਿਆ ਕਮਿਸ਼ਨ (1983-85) ਅਤੇ 1966 ਦੀ ਪੈਰਿਸ ਵਿਖੇ ਹੋਈ ਅੰਤਰਦੇਸੀ ਕਾਨਫ਼ਰੰਸ ਵੱਲੋਂ ਅਜਿਹਾ ਕਰਨ ਦੀ ਜ਼ੋਰਦਾਰ ਸਿਫ਼ਾਰਸ਼ ਕੀਤੀ ਗਈ ਸੀ।

ਹੋ ਕੀ ਰਿਹਾ? ਹੋ ਰਿਹਾ ਹੈ ਇਸ ਤੋਂ ਐਨ ਉਲਟ/ਅਧਿਆਪਕ ਦੀਆਂ ਅੱਜ ਦੀਆਂ ਸੇਵਾ ਹਾਲਤਾਂ ਅਤੇ ਪ੍ਰਬੰਧਕੀ ਢਾਂਚੇ ਦੀਆਂ ਪ੍ਰਸਥਿਤੀਆਂ ਵਿੱਚ ਉਪਰੋਂ ਆਏ ਹੁਕਮ ਤੁਰੰਤ ਮੰਨਣ ਅਤੇ ਪੂਰੇ ਕਰਨ ਵਾਲੀ ਪਹੁੰਚ ਅਧਿਆਪਕ ਨੂੰ ਆਪਣਾ ਅਧਿਆਪਨ ਦਾ ਕੰਮ ਪੂਰਾ ਕਰਨ ਵਿੱਚ ਵੀ ਅੜਿੱਕੇ ਹੀ ਬਣਾ ਰਹੀਆਂ ਹਨ। ਜੋ ਅੱਜ ਦੇ ਅਧਿਆਪਕ ਹੰਢਾ ਰਹੇ ਹਨ ਕਿ ਅਧਿਆਪਕਾਂ ਨੂੰ ਅਨੇਕਾਂ ਪ੍ਰਕਾਰ ਦੇ ਗੈਰ-ਵਿਦਿਅਕ ਕੰਮਾਂ ਜਿਵੇਂ ਵੋਟਾਂ ਬਣਾਉਣ, ਵੋਟਾਂ ਸੋਧਣੀਆਂ, ਬੁਢਾਪਾ ਪੈਨਸ਼ਨ ਸੂਚੀਆਂ ਦੀ ਪੜਤਾਲ ਕਰਨ ਆਦਿ ਅਤੇ ਸਮੇਂ-ਸਮੇਂ ਹੋਰ ਅਜਿਹੇ ਕੰਮ ਜੋ ਉਨ੍ਹਾਂ ਨੂੰ ਸਕੂਲ ਤੋਂ ਬਾਹਰ ਹੀ ਰੱਖਦੇ ਹਨ। ਸਕੂਲੀ ਪ੍ਰਬੰਧ ਵਿੱਚ ਵੀ ਅਨੇਕਾਂ ਕਿਸਮਾਂ ਦੀ ਵਿਭਾਗੀ ਡਾਕ, ਸੂਚਨਾਵਾਂ ਦਾ ਭੇਜਣਾ, ਮਿਡ ਡੇ ਮੀਲ ਦੀ ਜ਼ਿੰਮੇਵਾਰੀ, ਸਕੂਲ ਕੈਂਪਸ ਦੀ ਸਾਂਭ-ਸੰਭਾਲ ਸੰਬੰਧੀ ਅਤੇ ਉਪਰੋਂ ਹੀ ਠੋਸੀ ਹੋਈ ਪਾਠਕ੍ਰਮਾਂ ਦੀ ਪੂਰਤੀ ਦੀ ਤਰਤੀਬ ਠੋਸੀ ਹੋਈ ਟੈਸਟ ਪ੍ਰਣਾਲੀ ਅਤੇ ਨਤੀਜਿਆਂ ਦਾ ਰਿਕਾਰਡ ਰੱਖਣ ਆਦਿ ਕੰਮਾਂ ਵਿੱਚ ਹੀ ਉਲਝਾਇਆ ਜਾਂਦਾ ਹੈ, ਜਿਸ ਕਾਰਨ ਅਧਿਆਪਕ ਆਪਣੇ ਪੜ੍ਹਾਉਣ ਦੇ ਕੰਮ ਵਿੱਚ ਲੋੜੀਂਦਾ ਧਿਆਨ ਕੇਂਦਰਤ ਨਹੀਂ ਕਰ ਸਕਦਾ। ਸਕੂਲਾਂ ਵਿੱਚ ਲੋੜੀਂਦੇ ਅਧਿਆਪਕ ਅਤੇ ਸਹਾਇਕ ਅਮਲੇ ਦੀ ਵੱਡੀ ਘਾਟ ਨੇ ਇਸ ਸਮੱਸਿਆ ਨੂੰ ਹੋਰ ਗੁੰਝਲਦਾਰ ਬਣਾਇਆ ਹੋਇਆ ਹੈ। ਇਸ ਤੋਂ ਬਿਨਾਂ ਸਮੇਂ-ਸਮੇਂ ਉੱਚ ਅਧਿਕਾਰੀਆਂ ਵੱਲੋਂ ਨਿਯੁਕਤ ਕੀਤੀਆਂ ਜਾਂਦੀਆਂ ਕਮੇਟੀਆਂ ਜਾਂ ਅਧਿਕਾਰੀਆਂ ਵੱਲੋਂ ਆਪ ਕੀਤੀਆਂ ਜਾਂਦੀਆਂ ਅਚਾਨਕ ਨਿਰੀਖਣਾਂ ਸਮੇਂ ਇਨ੍ਹਾਂ ਦਾ ਅਧਿਆਪਕਾਂ ਪ੍ਰਤੀ ਵਤੀਰਾ ਵੀ ਅਜਿਹਾ ਨਹੀਂ ਹੁੰਦਾ, ਜੋ ਇਕ ਅਧਿਆਪਕ ਪ੍ਰਤੀ ਹੋਣਾ ਚਾਹੀਦਾ ਹੈ।

ਹੁਣ 1990-91 ਤੋਂ ਪਿਛੋਂ ਦੀਆਂ ਸੰਸਾਰ ਬੈਂਕ ਮਾਰਕਾ ਅਖੌਤੀ ਆਰਥਿਕ ਉਦਾਰਵਾਦੀ ਨੀਤੀਆਂ ਅਧੀਨ ਅਧਿਆਪਕਾਂ ਦੀਆਂ ਠੇਕੇ ਅਤੇ ਨੀਵੀਆਂ ਨਿਸ਼ਚਤ ਉਜਰਤਾਂ ਤੇ ਨਿਯੁਕਤੀਆਂ ਕਰਕੇ ਅਧਿਆਪਕਾਂ ਦੀਆਂ ਸੇਵਾ ਸੁੱਰਖਿਅਤਾ ਅਤੇ ਸਵੈ-ਵਿਸ਼ਵਾਸ ਨੂੰ ਹੋਰ ਗੰਭੀਰ ਸੱਟ ਮਾਰੀ ਹੈ। ਤਤਕਾਲੀ ਪ੍ਰੈੱਸ ਦੀਆਂ ਰਿਪੋਰਟਾਂ ਅਨੁਸਾਰ ਇਸ ਸਥਿਤੀ 'ਤੇ ਟਿੱਪਣੀ ਕਰਦਿਆਂ ਤੱਤਕਾਲੀ ਨਿਰਦੇਸ਼ਕ ਐੱਨ ਸੀ ਈ ਆਰ ਟੀ ਕ੍ਰਿਸ਼ਨ ਕੁਮਾਰ ਨੇ 2008 ਵਿੱਚ ਇੱਕ ਇੰਟਰਵਿਊ ਵਿੱਚ ਕਿਹਾ ਸੀ, "ਅੱਜ ਅਸੀਂ ਉਸ ਸਥਿਤੀ ਨਾਲੋਂ ਬਹੁਤ ਮਾੜੀ ਹਾਲਤ ਵਿੱਚ ਹਾਂ, ਜਦੋਂ ਚਟੋਪਾਧਿਆ ਕਮਿਸ਼ਨ ਨੇ ਅਧਿਆਪਕ ਕਿੱਤੇ ਨੂੰ ਆਕਰਸ਼ਕ ਬਣਾਉਣ ਲਈ ਅਤੇ ਅਧਿਆਪਕ ਭਲਾਈ ਲਈ ਮਹੱਤਵਪੂਰਨ ਸਿਫ਼ਾਰਸ਼ਾਂ ਕੀਤੀਆਂ ਸਨ, ਪਰ 1990 ਤੋਂ ਪਿੱਛੋਂ ਸੰਸਾਰੀਕਰਨ ਨਾਲ ਸੰਬੰਧਤ 'ਸਟਰਕਚਰਲ ਐਂਡ ਜਸਟਮੈਂਟ ਪ੍ਰੋਗਰਾਮ' ਵਾਲੀ ਪਹੁੰਚ ਕਾਰਨ ਅਧਿਆਪਕ ਰੁਤਬੇ ਅਤੇ ਅਧਿਆਪਨ ਕਿੱਤੇ ਦੀ ਖੁਦਮੁਖਤਾਰੀ ਨੂੰ ਗੰਭੀਰ ਧੱਕਾ ਲੱਗਿਆ ਹੈ। ਅੱਜ ਇਹ ਉਦੋਂ ਵਾਪਰ ਰਿਹਾ ਹੈ, ਜਦੋਂ ਅਧਿਆਪਕ ਨੂੰ ਬੱਚਿਆਂ ਦੀਆਂ ਉਨ੍ਹਾਂ ਸਮੱਸਿਆਵਾਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ, ਜੋ ਸਾਡੀਆਂ ਵਰਤਮਾਨ, ਸਮਾਜਿਕ ਅਤੇ ਪਰਵਾਰਕ ਪ੍ਰੇਸ਼ਾਨੀਆਂ ਵਿੱਚੋਂ ਪੈਦਾ ਹੁੰਦੀਆਂ ਹਨ। ਦੇਸ਼ ਦੇ ਕੁਝ ਹਿੱਸਿਆਂ ਵਿੱਚ ਅਧਿਆਪਨ ਕਿੱਤਾ ਗੰਭੀਰ ਸੰਕਟ ਵਿੱਚ ਹੈ ਅਤੇ ਕਈ ਥਾਵਾਂ 'ਤੇ ਲੜਖੜਾਉਣ ਵਾਲੀ ਅਵਸਥਾ ਵਿੱਚ ਹੈ, ਜਿੱਥੇ ਰੈਗੂਲਰ ਸਿੱਖਿਅਤ ਅਧਿਆਪਕਾਂ ਦੀਆਂ ਠੇਕਾ ਅਧਾਰਤ ਅਣਸਿੱਖਿਅਤ ਪੈਰਾ ਟੀਚਰਜ਼ ਨਾਂਅ ਦੀਆਂ ਨਿਯੁਕਤੀਆਂ ਕੀਤੀਆਂ ਜਾ ਰਹੀਆਂ ਹਨ।" ਕ੍ਰਿਸ਼ਨ ਕੁਮਾਰ ਨੇ 10 ਅਕਤੂਬਰ 2014 ਨੂੰ ਭਾਰਤ ਦੇ ਪ੍ਰਸਿੱਧ ਅੰਗਰੇਜ਼ੀ ਅਖ਼ਬਾਰ ਵਿੱਚ ਲਿਖੇ ਇਕ ਲੇਖ ਵਿੱਚ ਕਿਹਾ ਸੀ, 'ਭਾਰਤ ਨੇ ਅਧਿਆਪਕਾਂ ਵਿਰੁੱਧ ਇੱਕ ਜੰਗ ਛੇੜੀ ਹੋਈ ਹੈ। ਇਸ ਲੇਖ ਵਿੱਚ ਉਨ੍ਹਾ ਦੱਸਿਆ ਸੀ ਕਿ ਦੇਸ਼ ਭਰ ਦੇ ਵੱਡੀ ਗਿਣਤੀ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਅਧਿਆਪਕ ਵਰਗ ਦੀਆਂ ਵੱਡੀ ਗਿਣਤੀ ਵਿੱਚ ਆਸਾਮੀਆਂ ਖਾਲੀ ਹਨ। ਇਨ੍ਹਾਂ 'ਤੇ ਸਾਲਾਂਬੱਧੀ ਠੇਕਾ ਅਧਾਰਤ ਅਧਿਆਪਕ ਕੰਮ ਕਰ ਰਹੇ ਹਨ। ਇਸ ਸੰਬੰਧੀ ਜਦੋਂ ਪਿਛਲੇ ਦਹਾਕਿਆਂ ਵਿੱਚ ਵਿਸ਼ੇਸ਼ ਕਰਕੇ ਅਧਿਆਪਕ ਨਿਯੁਕਤੀਆਂ ਅਤੇ ਸੇਵਾ ਹਾਲਤਾਂ ਸੰਬੰਧੀ ਧਾਰਨ ਕੀਤੀਆਂ ਗਈਆਂ ਗਲਤ ਨੀਤੀਆਂ ਵਾਲੀਆਂ ਪਹਿਲਕਦਮੀਆਂ ਕਾਰਨ ਹੋਏ ਨੁਕਸਾਨ ਦਾ ਅਨੁਮਾਨ ਲਾਉਂਦੇ ਹਾਂ ਤਾਂ ਜਾਪਦਾ ਹੈ ਕਿ ਇਹ ਕੰਮ ਐਨਾ ਸੌਖਾ ਨਹੀਂ ਹੈ। ਇਸ ਸੰਬੰਧੀ ਜ਼ਰੂਰੀ ਲੋੜ ਹੈ ਕਿ ਅਧਿਆਪਕਾਂ ਦੀਆਂ ਤੁਰੰਤ ਰੈਗੂਲਰ ਨਿਯੁਕਤੀਆਂ ਅਤੇ ਠੀਕ ਹਾਲਤਾਂ ਲਾਗੂ ਕੀਤੀਆਂ ਜਾਣ ਅਤੇ ਅਧਿਆਪਕਾਂ ਦੀਆਂ ਸੇਵਾ ਹਾਲਤਾਂ ਵਿੱਚ ਬਣਦੇ ਵਿਸ਼ੇਸ਼ ਸੁਧਾਰ ਕੀਤੇ ਜਾਣ।

ਭਾਰਤੀ ਜਨਮ ਸਮੂਹਾਂ ਅਤੇ ਅਧਿਆਪਕ ਵਰਗ ਦੇ ਸਾਂਝੇ ਤੌਰ 'ਤੇ ਵਿਚਾਰ ਕਰਨ ਵਾਲੇ ਉਪਰੋਕਤ ਵਰਨਣ ਦੇ ਨਾਲ ਹੀ ਅੱਜ ਅਧਿਆਪਕ ਦਿਵਸ ਸਮੇਂ ਸਾਰੇ ਅਧਿਆਪਕ ਵਰਗ ਨੂੰ ਵਧਾਈ ਪੇਸ਼ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਦੀ ਸ਼ਲਾਘਾ ਕੀਤੀ ਜਾਂਦੀ ਹੈ ਕਿ ਉਹ ਅਜਿਹੀਆਂ ਉੱਪਰ ਦੱਸੀਆਂ ਅਣਸੁਖਾਵੀਆਂ ਹਾਲਤਾਂ ਵਿੱਚ ਵੀ ਆਪਣੇ ਬਣਦੇ ਫ਼ਰਜ਼ਾਂ ਨੂੰ ਸੰਜੀਦਗੀ ਨਾਲ ਪੂਰਾ ਕਰਕੇ ਦੇਸ਼ ਦੇ ਮਨੁੱਖੀ ਵਿਕਾਸ ਵਿੱਚ ਵੱਡਾ ਯੋਗਦਾਨ ਪਾ ਰਹੇ ਹਨ। ਅਸੀਂ ਧੰਨਵਾਦੀ ਹਾਂ ਪ੍ਰੋਫ਼ੈਸਰ ਕ੍ਰਿਸ਼ਨ ਕੁਮਾਰ ਦੇ ਵੀ, ਜਿਨ੍ਹਾ ਪਿਛਲੇ ਸਾਲਾਂ ਵਿੱਚ ਸਾਰੇ ਭਾਰਤੀ ਬੱਚਿਆ ਗੁਣਾਤਮਕ ਵਾਸਤੇ ਮੁਤਾਬਕ ਸਿੱਖਿਆ ਨੂੰ ਠੀਕ ਦਿਸ਼ਾ ਪ੍ਰਦਾਨ ਕਰਵਾਉਣ ਲਈ ਅਤੇ ਅਧਿਆਪਕ ਰੁਤਬੇ ਅਤੇ ਸੇਵਾ ਹਾਲਤਾਂ ਨੂੰ ਵੀ ਗੁਣਾਤਮਕ ਸਿੱਖਿਆ ਨਾਲ ਜੋੜ ਕੇ ਵਿੱਦਿਅਕ ਖੇਤਰ ਵਿੱਚ ਲੋੜੀਂਦੇ ਬਹੁ-ਪੱਖੀ ਸੁਧਾਰ ਕਰਵਾਉਣ ਲਈ ਵਿਸ਼ੇਸ਼ ਪਹਿਲਕਦਮੀ ਕੀਤੀ ਹੈ। ਅੱਜ ਅਧਿਆਪਕ ਦਿਵਸ ਵਾਲੇ ਦਿਨ ਇਹ ਵੀ ਆਸ ਕਰਦੇ ਹਾਂ ਕਿ ਸਮੁੱਚਾ ਅਧਿਆਪਕ ਵਰਗ ਸਾਡੀਆਂ ਵਰਤਮਾਨ ਅਤੇ ਕੁਝ ਪਹਿਲੀਆਂ ਸਰਕਾਰਾਂ ਵੱਲੋਂ 1968 ਤੋਂ ਪਿੱਛੋਂ ਲਿਆਂਦੀਆਂ ਗਈਆਂ ਸਿੱਖਿਆ ਨੀਤੀਆਂ ਸੰਬੰਧੀ ਵੀ ਗੰਭੀਰ ਵਿਚਾਰ ਕਰੇਗਾ ਅਤੇ ਭਾਰਤੀ ਸੰਵਿਧਾਨ ਦੇ ਉਦੇਸ਼ਾਂ ਨੂੰ ਮੁੱਖ ਰੱਖ ਕੇ ਆਪਣੀ ਵਿਸ਼ਾਲ ਹਕੀਕੀ ਪਹੁੰਚ ਦਾ ਧਾਰਨੀ ਹੋਵੇਗਾ। ਸੂਬਾਈ ਅਤੇ ਕੇਂਦਰ ਸਰਕਾਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਅਧਿਆਪਕ ਰੁਤਬੇ ਅਤੇ ਸੇਵਾ ਹਾਲਤਾਂ ਸੰਬੰਧੀ ਕੋਠਾਰੀ ਕਮਿਸ਼ਨ, ਚਟੋਪਾਧਿਆ ਕਮਿਸ਼ਨ ਅਤੇ 1966 ਦੀ ਪੈਰਿਸ ਕਾਨਫ਼ਰੰਸ ਦੀਆਂ ਸਿਫ਼ਾਰਸ਼ਾਂ ਲਾਗੂ ਕੀਤੀਆਂ ਜਾਣ।

**# ਸੰਪਰਕ : 94177-51888**

---

# ਔਰਤ ਨੂੰ ਮਜ਼ਬੂਤ ਬਣਨ ਦੀ ਲੋੜ

**ਰਜਿੰਦਰਪਾਲ ਕੌਰ**

ਭਾਰਤ ਜਿਹੜਾ ਕਿ ਰਿਸ਼ੀਆਂ-ਮੁਨੀਆਂ ਅਤੇ ਗੁਰੂਆਂ-ਪੀਰਾਂ ਦੀ ਧਰਤੀ ਹੈ, ਜਿੱਥੇ ਔਰਤ ਨੂੰ ਦੇਵੀ ਦਾ ਦਰਜਾ ਦਿੱਤਾ ਜਾਂਦਾ ਹੈ, ਉਥੇ ਹੀ ਕੁਝ ਰਾਖਸ਼ਸ਼ ਪਰਵਿਰਤੀ ਦੇ ਲੋਕ ਵੀ ਪੈਦਾ ਹੁੰਦੇ ਹਨ, ਜਿਹੜੇ ਕਿ ਉਸ ਔਰਤ ਨੂੰ ਜਿਸ ਨੇ ਇਹ ਜੱਗ ਸਿਰਜਿਆ ਹੈ, ਜੱਗ ਦੀ ਪਾਲਣਹਾਰ ਹੈ, ਦੇਵੀ ਮਾਤਾ ਅਖਵਾਉਂਦੀ ਹੈ, ਨਾਲ ਏਨੀ ਦਰਿੰਦਗੀ ਕਰਦੇ ਹਨ ਕਿ ਹਰ ਸੋਚਵਾਨ ਹਿਰਦਾ ਵਲੂੰਧਰਿਆ ਜਾਂਦਾ ਹੈ।

ਕਲਕੱਤੇ ਦੀ ਡਾਕਟਰ, ਉਤਰਾਖੰਡ ਦੀ ਨਰਸ, ਬਦਲਾਪੁਰ ਦੀਆਂ ਛੋਟੀਆਂ ਬੱਚੀਆਂ, ਫਰਜ਼ੀ ਐੱਨ ਸੀ ਸੀ ਕੈਂਪ ਵਿੱਚ ਲੁੱਟੀ ਗਈ ਬੱਚੀਆਂ ਦੀ ਇੱਜ਼ਤ ਆਦਿ ਘਟਨਾਵਾਂ ਸਿਰਫ ਔਰਤਾਂ ਦੇ ਦਿਲ ਬੁਰੀ ਤਰ੍ਹਾਂ ਜ਼ਖਮੀ ਕੀਤੇ ਹਨ, ਸਗੋਂ ਸਾਰੇ ਹੀ ਸੰਵੇਦਨਸ਼ੀਲ ਮਰਦ ਵੀ ਸਦਮੇ ਵਿੱਚ ਹਨ। ਹਰ ਰੋਜ਼ ਅਖਬਾਰਾਂ ਵਿੱਚ ਖਬਰਾਂ ਆ ਰਹੀਆਂ ਹਨ। ਕਈ ਵੀਰਾਂ ਨੇ ਔਰਤ ਦੀ ਸੁਰੱਖਿਆ ਸੰਬੰਧੀ ਅਖਬਾਰਾਂ ਵਿੱਚ ਲੇਖ ਵੀ ਲਿਖੇ ਹਨ। ਔਰਤ ਜੋ ਕਿ ਸਮਾਜ ਦਾ ਅੱਧਾ ਹਿੱਸਾ ਹੈ, ਜੇਕਰ ਉਸ ਦੀ ਇਸ ਤਰਾਂ ਬੇਕਦਰੀ ਹੁੰਦੀ ਰਹੀ ਤਾਂ ਸਮਾਜ ਵਿਕਾਸ ਕਿਵੇਂ ਕਰੇਗਾ? ਸਾਡੀਆਂ ਬੱਚੀਆਂ ਨਾ ਧਾਰਮਿਕ ਸਥਾਨਾਂ 'ਤੇ ਸੁਰੱਖਿਅਤ ਹਨ ਨਾ ਸਕੂਲਾਂ ਵਿੱਚ ਨਾ ਹਸਪਤਾਲਾਂ ਵਿੱਚ ਸੁਰੱਖਿਆਤ ਹਨ ਤੇ ਨਾ ਹੀ ਸੜਕਾਂ ਤੇ ਸੁਰੱਖਿਅਤ ਹਨ। ਹੁਣ ਉਹ ਕਿਹੜੀ ਥਾਂ ਲੱਭੀਏ ਜਿੱਥੇ ਅਸੀਂ ਆਪਣੀਆਂ ਬੱਚੀਆਂ ਨੂੰ ਸੁਰੱਖਿਆ ਦੇ ਸਕੀਏ?

ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ 2019 ਦੀ ਰਿਪੋਰਟ ਹੈ ਕਿ ਹਰ 16 ਮਿੰਟ ਬਾਅਦ ਕਿਸੇ ਲੜਕੀ ਨਾਲ ਬਲਾਤਕਾਰ ਹੁੰਦਾ ਹੈ। ਸਭ ਤੋਂ ਵੱਧ ਰਾਜਸਥਾਨ, ਫਿਰ ਯੂ. ਪੀ. ਅਤੇ ਮੱਧ ਪ੍ਰਦੇਸ਼ ਵਿੱਚ। ਇਸ ਕਰਕੇ ਹਰ ਬਾਪ, ਹਰ ਭਰਾ ਡਰਿਆ ਹੋਇਆ ਹੈ ਕਿ ਮੈਂ ਆਪਣੀ ਬੱਚੀ ਨੂੰ ਕਿਵੇਂ ਬਚਾ ਕੇ ਰੱਖਾਂ। ਇਹ ਤਾਂ ਹੋ ਨਹੀਂ ਸਕਦਾ ਕਿ ਬੱਚੀਆਂ ਨੂੰ ਘਰਾਂ ਵਿੱਚ ਬੰਦ ਕਰ ਲਿਆ ਜਾਵੇ। ਕੁਝ ਹੋਰ ਹੱਲ ਲੱਭਣੇ ਪੈਣਗੇ, ਜਿਸ ਨਾਲ ਔਰਤ ਜਾਤੀ ਨੂੰ ਸੁਰੱਖਿਆ ਮਿਲ ਸਕੇ। ਪਿਛਾਖੜੀ ਤਾਕਤਾਂ ਇਹੋ ਜਿਹੇ ਕਾਰੇ ਕਰਕੇ ਲੜਕੀਆਂ ਨੂੰ ਡਰਾ ਕੇ ਰੱਖਣਾ ਚਾਹੁੰਦੀਆਂ ਹਨ, ਤਾਂ ਕਿ ਉਹਨਾਂ ਨੂੰ ਮਨੂ ਸਮਰਿਤੀ ਦੇ ਹਿਸਾਬ ਨਾਲ ਗੁਲਾਮ ਬਣਾ ਕੇ ਸਿਰਫ ਮਰਦ ਦੀ ਸੇਵਾ ਵਾਸਤੇ ਰੱਖਿਆ ਜਾਵੇ।

ਜਦੋਂ ਆਸਫਾ ਦਾ ਅਤੇ ਹੋਰ ਕਈ ਕੁੜੀਆਂ ਦਾ ਬਲਾਤਕਾਰ ਕਰਕੇ ਕਤਲ ਕੀਤਾ ਗਿਆ ਤਾਂ ਉਦੋਂ ਆਸਟਰੇਲੀਆ ਦੇ ਇਕ ਏਅਰਪੋਰਟ 'ਤੇ ਇੱਕ ਲੜਕਾ ਟੀ- ਸ਼ਰਟ ਪਾ ਕੇ ਖੜਾ ਸੀ, ਜਿਸ 'ਤੇ ਲਿਖਿਆ ਸੀ ਕਿ ਭਾਰਤ ਔਰਤਾਂ ਵਾਸਤੇ ਸਭ ਤੋਂ ਵੱਧ ਅਸੁਰੱਖਿਅਤ ਦੇਸ਼ ਹੈ। ਮੁਸਲਿਮ ਦੇਸ਼, ਜਿਹਨਾਂ ਬਾਰੇ ਸਾਡੇ ਦੇਸ਼ ਵਿੱਚ ਬਹੁਤ ਭਰਮ-ਭੁਲੇਖੇ ਫੈਲਾਏ ਜਾਂਦੇ ਹਨ, ਉੱਥੇ ਔਰਤ ਦੀ ਸਥਿਤੀ ਏਨੀ ਮਾੜੀ ਨਹੀਂ, ਕਿਉਂਕਿ ਉਥੇ ਬਲਾਤਕਾਰ ਦੀ ਸਜ਼ਾ ਵੀ ਸਖਤ ਹੈ ਅਤੇ ਸਜ਼ਾ ਮਿਲਦੀ ਵੀ ਤੁਰੰਤ ਹੈ। ਕੁਝ ਮਹੀਨੇ ਪਹਿਲਾਂ ਮੇਰੀ ਭਤੀਜੀ ਦੁਬਈ ਜਾ ਕੇ ਆਈ ਸੀ ਉਹਦਾ ਮੰਨਣਾ ਸੀ ਕਿ ਦੁਬਈ ਔਰਤਾਂ ਵਾਸਤੇ ਬਹੁਤ ਸੁਰੱਖਿਅਤ ਹੈ, ਕਿਉਂਕਿ ਉਥੇ ਪੁਲਸ ਮਾੜਿਆਂ ਨੂੰ ਲਤਾੜਨ ਵਾਸਤੇ ਨਹੀਂ, ਬਲਕਿ ਲੋਕਾਂ ਦੀ ਰਾਖੀ ਲਈ ਕੰਮ ਕਰਦੀ ਹੈ ਅਤੇ ਇਸ ਦੇ ਪਿੱਛੇ ਸਰਕਾਰ ਹੁੰਦੀ ਹੈ।

ਕੁਝ ਦੇਸ਼ਾਂ ਵਿੱਚ ਬਲਾਤਕਾਰੀ ਦੀ ਇਕਦਮ ਪਹਿਚਾਣ ਕਰਕੇ ਫਾਂਸੀ ਵੀ ਦਿੱਤੀ ਜਾਂਦੀ ਹੈ ਅਤੇ ਕਈ ਕੇਸਾਂ ਵਿੱਚ ਪੱਥਰ ਮਾਰ-ਮਾਰ ਕੇ ਬਲਾਤਕਾਰੀ ਨੂੰ ਮਾਰ ਦਿੱਤਾ ਜਾਂਦਾ ਹੈ। ਜਦੋਂ ਆਸਫਾ ਕਾਂਡ ਹੋਇਆ ਸੀ, ਉਦੋਂ ਕੁਝ ਵਾਇਰਲ ਹੋਈਆਂ ਕਹਾਣੀਆਂ ਮੈਂ ਤੁਹਾਡੇ ਨਾਲ ਸਾਂਝੀਆਂ ਕਰਨੀਆਂ ਚਾਹਾਂਗ। ਅਫਰੀਕਾ ਦੇ ਇੱਕ ਦੇਸ਼ ਸ਼ਾਇਦ ਨਾਇਜੀਰੀਆ ਵਿੱਚ ਇੱਕ ਬਲਾਤਕਾਰੀ ਨੂੰ ਉੱਚੀ ਲੱਕੜ ਟੰਗ ਕੇ ਦੋਵੇਂ ਲੱਤਾਂ ਅਤੇ ਦੋਵੇਂ ਹੱਥ ਉਸ ਨਾਲ ਬੰਨ੍ਹ ਕੇ ਲਟਕਾਇਆ ਹੋਇਆ ਸੀ, ਜੋ ਕਿ ਬਹੁਤ ਹੀ ਕਸ਼ਟਦਾਇਕ ਸੀ ਅਤੇ ਵੇਖਣ ਵਾਲੇ ਕੰਨਾਂ ਨੂੰ ਹੱਥ ਲਾਉਣਗੇ ਕਿ ਇਹੋ ਜਿਹਾ ਕੰਮ ਕਦੇ ਨਹੀਂ ਕਰਨਾ, ਪਰ ਜਿਹੜੇ ਦੇਸ਼ ਵਿੱਚ ਬਲਾਤਕਾਰੀਆਂ ਨੂੰ ਜੇਲ੍ਹ 'ਚੋਂ ਬਾਹਰ ਆਉਣ 'ਤੇ ਹਾਰ ਪਾ ਕੇ ਸਨਮਾਨਤ ਕੀਤਾ ਜਾਂਦਾ ਹੈ ਅਤੇ ਲੱਡੂ ਵੰਡੇ ਜਾਂਦੇ ਹਨ, ਕੀ ਉਹਨਾਂ ਨਾਲ ਗੁੰਡਿਆਂ ਦਾ ਹੌਂਸਲਾ ਬੁਲੰਦ ਨਹੀਂ ਹੁੰਦਾ ਅਤੇ ਬਲਾਤਕਾਰ ਦੇ ਕੇਸਾਂ ਚ ਵਾਧਾ ਨਹੀਂ ਹੁੰਦਾ?

ਇੱਕ ਹੋਰ ਕਹਾਣੀ ਸੀ, ਜਿਸ ਵਿੱਚ ਦੱਸਿਆ ਗਿਆ ਕਿ ਰਾਜੇ ਦੇ ਕੁਝ ਸੈਨਿਕ ਕਿਸੇ ਖਾਸ ਦਿਨ ਮੰਦਰ ਦੇ ਬਾਹਰ ਖੜੇ ਹੁੰਦੇ ਸੀ, ਜਿਸ ਦਿਨ ਕਿ ਕੋਈ ਖਾਸ ਪ੍ਰੋਗਰਾਮ ਹੁੰਦਾ ਸੀ ਅਤੇ ਬਹੁਤ ਭੀੜ ਹੁੰਦੀ ਸੀ। ਉਹ ਸੈਨਿਕ ਔਰਤਾਂ ਨਾਲ ਛੇੜਛਾੜ ਕਰਦੇ ਸਨ। ਇੱਕ ਔਰਤ ਨੇ ਜਦੋਂ ਦੂਜੀਆਂ ਔਰਤਾਂ ਨਾਲ ਛੇੜ-ਛਾੜ ਹੁੰਦੀ ਵੇਖੀ ਤਾਂ ਉਸ ਨੂੰ ਬਹੁਤ ਗੁੱਸਾ ਆਇਆ। ਸ਼ਾਇਦ ਉਸ ਨੇ ਪਹਿਲਾਂ ਵੀ ਕਦੀ ਵੇਖਿਆ ਹੋਏਗਾ, ਇਸੇ ਲਈ ਉਹ ਆਪਣੇ ਦੁਪੱਟੇ ਵਿੱਚ ਕਟਾਰ ਛੁਪਾ ਕੇ ਲਿਆਈ ਸੀ। ਜਦੋਂ ਉਸ ਦੀ ਵਾਰੀ ਆਈ, ਉਸ ਨਾਲ ਛੇੜਛਾੜ ਹੋਣ ਲੱਗੀ ਤਾਂ ਉਸ ਔਰਤ ਨੇ ਉਸ ਸੈਨਿਕ ਦਾ ਹੱਥ ਵੱਢ ਦਿੱਤਾ। ਗੱਲ ਰਾਜੇ ਦੇ ਦਰਬਾਰ ਵਿੱਚ ਪਹੁੰਚੀ। ਸਾਰੇ ਸਮਝਦੇ ਸੀ ਕਿ ਰਾਜਾ ਸੈਨਿਕ ਦਾ ਹੀ ਪੱਖ ਲਏਗਾ ਅਤੇ ਔਰਤ ਨੂੰ ਮੌਤ ਦੀ ਸਜ਼ਾ ਮਿਲੇਗੀ। ਰਾਜੇ ਨੇ ਕਿਹਾ ਕਿ ਗੱਲ ਬਹੁਤ ਮਾੜੀ ਹੋਈ ਹੈ ਅਤੇ ਇਸ ਦੀ ਸਜ਼ਾ ਵੀ ਮਿਲਣੀ ਚਾਹੀਦੀ ਹੈ, ਪਰ ਸਜ਼ਾ ਔਰਤ ਨੂੰ ਨਹੀਂ, ਸਜ਼ਾ ਉਸ ਸੈਨਿਕ ਨੂੰ ਮਿਲਣੀ ਚਾਹੀਦੀ ਹੈ, ਜਿਸ ਦਾ ਹੱਥ ਕੱਟਿਆ ਗਿਆ ਹੈ। ਮੈਂ ਉਸ ਦਾ ਗਲਾ ਕੱਟਣ ਦਾ ਹੁਕਮ ਦਿੰਦਾ ਹਾਂ। ਇਹ ਹੁੰਦਾ ਹੈ ਇਨਸਾਫ।

ਅੱਜ ਕੱਲ ਸੋਸ਼ਲ ਮੀਡੀਆ ਤੇ ਇੱਕ ਕਹਾਣੀ ਵਾਇਰਲ ਹੋ ਰਹੀ ਹੈ ਕਿ ਚੀਨ ਦੀ ਰਾਜਧਾਨੀ ਬੀਜਿੰਗ ਦੇ ਇੱਕ ਮੁਹੱਲੇ ਵਿੱਚ ਇੱਕ ਲੜਕੀ ਦਾ ਬਲਾਤਕਾਰ ਹੋ ਗਿਆ। ਗੱਲ ਸ਼ਹਿਰ ਦੇ ਚੇਅਰਮੈਨ ਮਾਊਸੇ ਤੁੰਗ ਤੱਕ ਪਹੁੰਚੀ ਉਹ ਲੜਕੀ ਨੂੰ ਮਿਲਣ ਆਇਆ ਤਾਂ ਉਸ ਨੂੰ ਪਤਾ ਲੱਗਿਆ ਕਿ ਹਾਦਸਾ ਵਾਪਰੇ ਨੂੰ ਕਈ ਦਿਨ ਹੋ ਚੁੱਕੇ ਹਨ। ਉਸ ਨੇ ਲੜਕੀ ਦੇ ਸਿਰ ਤੇ ਹੱਥ ਰੱਖਿਆ ਅਤੇ ਪੁੱਛਿਆ ਕਿ ਹਾਦਸੇ ਵੇਲੇ ਤੂੰ ਰੌਲਾ ਨਹੀਂ ਸੀ ਪਾਇਆ। ਲੜਕੀ ਨੇ ਹਾਂ ਵਿੱਚ ਸਿਰਫ ਹਿਲਾਇਆ। ਚੇਅਰਮੈਨ ਨੇ ਪੁੱਛਿਆ ਕੀ ਤੂੰ ਫਿਰ ਉਸੇ ਤਰ੍ਹਾਂ ਰੌਲਾ ਪਾ ਸਕਦੀ ਹੈ? ਲੜਕੀ ਨੇ ਫਿਰ ਹਾਂ ਵਿੱਚ ਸਿਰ ਹਿਲਾਇਆ। ਚੇਅਰਮੈਨ ਮਾਊਸੇ ਤੁੰਗ ਨੇ ਮਹੱਲੇ ਦੇ ਚਾਰ ਚੁਫੇਰੇ ਅੱਧਾ ਮੀਲ ਦੇ ਏਰੀਏ ਵਿੱਚ ਪੁਲਿਸ ਦੇ ਸਿਪਾਹੀ ਖੜੇ ਕਰ ਦਿੱਤੇ ਅਤੇ ਲੜਕੀ ਨੂੰ ਉਸੇ ਤਰ੍ਹਾਂ ਰੌਲਾ ਪਾਉਣ ਲਈ ਕਿਹਾ। ਲੜਕੀ ਨੇ ਚੀਕ ਮਾਰੀ। ਮਾਊਸੇ ਤੁੰਗ ਨੇ ਨੇ ਉਸੇ ਵੇਲੇ ਸਾਰੇ ਸਿਪਾਹੀ ਬੁਲਾਏ ਅਤੇ ਪੁੱਛਿਆ ਕਿ ਕੀ ਤੁਹਾਨੂੰ ਕੋਈ ਆਵਾਜ਼ ਸੁਣੀ ਸੀ ਤਾਂ ਸਾਰੇ ਸਿਪਾਹੀਆਂ ਨੇ ਹਾਮੀ ਵਿੱਚ ਸਿਰ ਹਿਲਾਇਆ ਤਾਂ ਚੇਅਰਮੈਨ ਨੇ ਅੱਧਾ ਮੀਲ ਦੇ ਅੰਦਰ ਵਾਲੇ ਸਾਰੇ ਮਰਦ ਇਕੱਠੇ ਕਰ ਲਏ ਅਤੇ ਸਿਪਾਹੀਆਂ ਨੂੰ ਕਿਹਾ ਕਿ ਜੇਕਰ ਇਹ 10 ਮਿੰਟ ਵਿੱਚ ਦੋਸ਼ੀਆਂ ਬਾਰੇ ਦੱਸ ਦਿੰਦੇ ਹਨ ਤਾਂ ਠੀਕ ਹੈ ਨਹੀਂ ਤਾਂ ਸਾਰਿਆਂ ਨੂੰ ਗੋਲੀਆਂ ਨਾਲ ਉਡਾ ਦਿਓ। ਉਸੇ ਵੇਲੇ ਦੋਸ਼ੀਆਂ ਦੀ ਪਛਾਣ ਹੋ ਗਈ ਅਤੇ ਸਭ ਦੇ ਸਾਹਮਣੇ ਉਹਨਾਂ ਨੂੰ ਗੋਲੀ ਨਾਲ ਉਡਾ ਦਿੱਤਾ ਗਿਆ। ਉਸ ਤੋਂ ਬਾਅਦ 50 ਸਾਲ ਤੱਕ ਚੀਨ ਵਿੱਚ ਕੋਈ ਇਹੋ ਜਿਹੀ ਘਟਨਾ ਨਹੀਂ ਵਾਪਰੀ। ਪਰ ਦੁੱਖ ਤਾਂ ਇਸ ਗੱਲ ਦਾ ਹੈ ਕਿ ਸਾਡੇ ਦੇਸ਼ ਵਿੱਚ ਵਾੜ ਹੀ ਖੇਤ ਨੂੰ ਖਾ ਰਹੀ ਹੈ। ਸੈਂਕੜੇ ਨਹੀਂ, ਹਜ਼ਾਰਾਂ ਔਰਤਾਂ ਦਾ ਬਲਾਤਕਾਰ ਕਰਨ ਵਾਲੇ ਸਾਡੀ ਸੰਸਦ ਦੇ ਮੈਂਬਰ ਹਨ ਅਤੇ ਸਰਕਾਰ ਉਹਨਾਂ ਦੇ ਖਿਲਾਫ ਇਕ ਸ਼ਬਦ ਵੀ ਨਹੀਂ ਬੋਲਦੀ, ਬਲਕਿ ਇਹੋ ਜਿਹੇ ਘਟੀਆ ਕੰਮ ਕਰਨ ਵਾਲੇ ਲੋਕਾਂ ਨੂੰ ਬਚਾਉਣ ਦੀ ਪੂਰੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਦਾ ਮਤਲਬ ਕਿ ਸਰਕਾਰ ਲੋਕਾਂ ਦੀ ਨਹੀਂ, ਗੁੰਡਿਆਂ ਦੀ ਹੈ।

ਡਾਕਟਰ ਮੋਮਿਤਾ ਦੇਵਨਾਥ ਦੇ ਬਲਾਤਕਾਰ ਅਤੇ ਕਤਲ ਤੋਂ ਬਾਅਦ ਹਰ ਰੋਜ਼ ਕਿੰਨੀਆਂ ਹੀ ਘਟਨਾਵਾਂ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਇੱਥੇ ਸਾਡੀ ਜਨਤਾ ਦੀ ਵੀ ਕਿਤੇ ਨਾ ਕਿਤੇ ਗਲਤੀ ਹੈ, ਜਿਹੜੇ ਕਿ ਅਸੀਂ ਕੁਝ ਲਾਲਚਵੱਸ ਜਾਂ ਡਰ ਕੇ ਗੁੰਡੇ ਬਦਮਾਸ਼ ਕਿਸਮ ਦੇ ਲੋਕਾਂ ਨੂੰ ਸਰਕਾਰ ਵਿੱਚ ਭੇਜ ਦਿੰਦੇ ਹਾਂ। ਵੋਟ ਪਾਉਣ ਵੇਲੇ ਇਹ ਨਹੀਂ ਸੋਚਦੇ ਕਿ ਇਹ ਵਿਅਕਤੀ ਮਹਿੰਗਾਈ, ਰੁਜ਼ਗਾਰ ਅਤੇ ਸਾਡੀਆਂ ਬੱਚੀਆਂ ਦੀ ਇੱਜ਼ਤ ਵਰਗੇ ਮਸਲਿਆਂ ਤੇ ਲੋਕਾਂ ਨਾਲ ਖੜੇਗਾ ਜਾਂ ਨਹੀਂ।

ਔਰਤਾਂ ਨੂੰ ਵੀ ਇਸ ਵਿੱਚ ਆਪਣਾ ਬਣਦਾ ਹਿੱਸਾ ਪਾਉਣਾ ਪਵੇਗਾ। ਜਦੋਂ ਵੀ ਕੋਈ ਘਟਨਾ ਵਾਪਰਦੀ ਹੈ ਤਾਂ ਲੱਖਾਂ ਦੀ ਗਿਣਤੀ ਵਿੱਚ ਸੜਕਾਂ 'ਤੇ ਆ ਕੇ ਰੋਸ ਜਤਾਉਣਾ ਚਾਹੀਦਾ ਹੈ। ਦੂਜੀ ਗੱਲ ਆਪਣੇ ਪੁੱਤਰਾਂ ਨੂੰ ਚੰਗੇ ਸੰਸਕਾਰ ਦੇਣੇ ਚਾਹੀਦੇ ਹਨ ਕਿ ਜੇ ਤੂੰ ਚਾਹੁੰਨਾ ਹੈ ਤੇਰੀ ਭੈਣ ਸੁਰੱਖਿਅਤ ਰਹੇ ਤਾਂ ਤੈਨੂੰ ਦੂਜਿਆਂ ਦੀਆਂ ਭੈਣਾਂ ਦੀ ਸੁਰੱਖਿਆ ਬਾਰੇ ਵੀ ਸੋਚਣਾ ਪਵੇਗਾ। ਫਿਰ ਵੀ ਜੇ ਕੋਈ ਲੜਕਾ ਗਲਤੀ ਕਰਦਾ ਹੈ ਤਾਂ ਉਸ ਦੀ ਮਾਂ ਖੁਦ ਅੱਗੇ ਵਧ ਕੇ ਆਪਣੇ ਪੁੱਤਰ ਲਈ ਸਜ਼ਾ ਦੀ ਮੰਗ ਕਰੇ।

ਲੜਕੀਆਂ ਨੂੰ ਮਜ਼ਬੂਤ ਬਣਾਉਣਾ ਵੀ ਇੱਕ ਜ਼ਰੂਰੀ ਕੰਮ ਹੈ। ਇਹ ਨਹੀਂ ਕਿ ਡਰ ਕੇ ਸਕੂਲ ਜਾਓ, ਡਰ ਕੇ ਸੜਕ 'ਤੇ ਚਲੋ, ਬਲਕਿ ਉਹਨਾਂ ਨੂੰ ਇਹੋ ਜਿਹੀ ਟ੍ਰੇਨਿੰਗ ਦਿਓ ਕਿ ਜਦੋਂ ਕਿਤੇ ਉਹਨਾਂ ਨਾਲ ਮਾੜੀ ਘਟਨਾ ਵਾਪਰਨ ਲੱਗਦੀ ਹੈ ਤਾਂ ਉਹਨਾਂ ਵਿੱਚ ਏਨੀ ਤਾਕਤ ਹੋਵੇ ਕਿ ਉਹ ਇਸ ਦਾ ਸਾਹਮਣਾ ਕਰ ਸਕਣ। ਸੋ ਇਹ ਸਾਰੇ ਹੱਲ ਕਰਨ ਨਾਲ ਸ਼ਾਇਦ ਭਾਰਤ ਵਿੱਚ ਔਰਤ ਜਾਤੀ ਦੀ ਹੋਣੀ ਬਦਲ ਸਕੇ।

**# ਸੰਪਰਕ : 99881-76811**

---

# ਤੀਸਰਾ ਵਿਸ਼ਵ ਯੁੱਧ ਅਤੇ ਇੰਟਰਨੈੱਟ

**ਸੰਦੀਪ ਕੁਮਾਰ**

ਇਤਿਹਾਸਕ ਪੱਧਰ 'ਤੇ ਵਿਸ਼ਵ ਯੁੱਧਾਂ ਨੇ ਹਮੇਸ਼ਾ ਦੁਨੀਆ ਦੀਆਂ ਸੰਸਥਾਵਾਂ, ਸੂਚਨਾ ਦੇ ਤਰੀਕਿਆਂ ਅਤੇ ਮਨੁੱਖਤਾ ਦੀ ਦਸ਼ਾ ਅਤੇ ਦਿਸ਼ਾ 'ਤੇ ਗਹਿਰੇ ਅਸਰ ਛੱਡੇ ਹਨ, ਜਿਵੇਂ ਕਿ ਅੱਜ ਦੇ ਸਮੇਂ ਵਿੱਚ ਅਨੇਕ ਦੇਸ਼ ਆਪਣੇ ਖੇਤਰੀ ਲਾਭਾਂ ਲਈ ਸੰਘਰਸ਼ ਕਰ ਰਹੇ ਹਨ, ਇਹ ਸੰਭਾਵਨਾ ਵਧ ਰਹੀ ਹੈ ਕਿ ਅਸੀਂ ਤੀਸਰੇ ਵਿਸ਼ਵ ਯੁੱਧ ਦੀ ਸ਼ੁਰੂਆਤ ਦੇ ਗਵਾਹ ਬਣ ਰਹੇ ਹਾਂ।

ਜੇਕਰ ਪ੍ਰਮੁੱਖ ਰੂਪ ਵਿੱਚ ਦੇਖਿਆ ਜਾਵੇ ਤਾਂ ਇਜ਼ਰਾਇਲ ਦਾ ਆਪਣੇ ਆਸ-ਪਾਸ ਦੇ ਦੇਸਾਂ ਨਾਲ ਸੰਗਰਾਮ, ਰਸ਼ੀਆ ਦਾ ਯੂਕਰੇਨ 'ਤੇ ਹਮਲਾ, ਅਫਗਾਨਿਸਤਾਨ ਅਤੇ ਪਾਕਿਸਤਾਨ ਵਿੱਚ ਵਧ ਰਹੀ ਹਿੰਸਾ ਅਤੇ ਬੰਗਲਾਦੇਸ਼ ਦੇ ਸਮਾਜਿਕ ਹਾਲਾਤ ਅਤੇ ਚੀਨ ਵੱਲੋਂ ਆਪਣੀ ਡਿਫੈਂਸ ਸ਼ਕਤੀ ਨੂੰ ਹੱਦੋਂ ਵੱਧ ਵਧਾਉਣਾ, ਅਮਰੀਕਾ ਦਾ ਦੂਜੇ ਦੇਸ਼ਾਂ ਦੇ ਅੰਦਰੂਨੀ ਮਾਮਲਿਆਂ ਵਿੱਚ ਹੱਦੋਂ ਵੱਧ ਦਖਲ-ਅੰਦਾਜ਼ੀ ਕਰਨਾ, ਇਹ ਸਾਰੇ ਤੱਤ ਇਹ ਦਰਸਾਉਂਦੇ ਹਨ ਕਿ ਅੰਤਰ-ਰਾਸ਼ਟਰੀ ਪੱਧਰ 'ਤੇ ਤਣਾਅ ਦੀ ਲਹਿਰ ਵਧ ਰਹੀ ਹੈ। ਸਾਰੇ ਵੱਡੇ ਦੇਸ਼ ਆਪਣੀ ਸੈਨਿਕ ਸ਼ਕਤੀ ਦਾ ਵਿਸਤਾਰ ਕਰਕੇ ਛੋਟੇ ਦੇਸ਼ਾਂ 'ਤੇ ਆਪਣਾ ਪ੍ਰਭਾਵ ਸਥਾਪਤ ਕਰਨ ਲਈ ਜੁਟੇ ਹੋਏ ਹਨ। ਇਹ ਸਾਰੇ ਘਟਨਾਕ੍ਰਮ ਸੰਕੇਤ ਦੇ ਰਹੇ ਹਨ ਕਿ ਵਿਸ਼ਵ ਇਕ ਵੱਡੇ ਸੰਘਰਸ ਵੱਲ ਵਧ ਰਿਹਾ ਹੈ, ਜੋ ਕਿ ਸੰਭਵ ਹੈ ਤੀਸਰੇ ਵਿਸ਼ਵ ਯੁੱਧ ਦੀ ਸ਼ੁਰੂਆਤ ਹੋਵੇ।

ਜੇ ਅਸੀਂ ਮੰਨ ਲਈਏ ਕਿ ਤੀਸਰੇ ਵਿਸ਼ਵ ਯੁੱਧ ਦੀ ਸ਼ੁਰੂਆਤ ਹੋ ਗਈ ਹੈ ਤਾਂ ਇਸ ਦੇ ਸੰਸਾਰ ਉੱਤੇ ਗਹਿਰੇ ਅਸਰ ਹੋਣਗੇ। ਪਹਿਲੇ ਅਤੇ ਦੂਸਰੇ ਵਿਸ਼ਵ ਯੁੱਧਾਂ ਵਿੱਚ ਸਾਨੂੰ ਵਿਸ਼ਵ ਪੱਧਰ 'ਤੇ ਆਰਥਿਕ, ਰਾਜਨੀਤਕ ਅਤੇ ਸਮਾਜਿਕ ਪਰਿਵਰਤਨਾਂ ਦਾ ਸਾਹਮਣਾ ਕਰਨਾ ਪਿਆ ਸੀ। ਇਸ ਵਾਰ ਤੀਸਰਾ ਵਿਸ਼ਵ ਯੁੱਧ ਵੀ ਇਸੇ ਤਰ੍ਹਾਂ ਦੇ ਨੁਕਸਾਨ ਅਤੇ ਸੰਸਥਾਵਾਂ ਦੇ ਪਤਨ ਦੀ ਭਵਿੱਖਬਾਣੀ ਕਰਦਾ ਹੈ। ਸਭ ਤੋਂ ਵੱਧ ਪ੍ਰਭਾਵਤ ਹੋਣ ਵਾਲੇ ਖੇਤਰਾਂ ਵਿੱਚ ਇੰਟਰਨੈੱਟ ਅਤੇ ਡਿਜੀਟਲ ਸੰਚਾਰ ਦੀ ਸੰਭਾਵਨਾ ਹੈ। ਇੰਟਰਨੈਟ ਅੱਜ ਦੇ ਸਮੇਂ ਵਿੱਚ ਸਿਰਫ ਜਾਣਕਾਰੀ ਦਾ ਸਾਧਨ ਨਹੀਂ, ਸਗੋਂ ਇਹ ਸਮਾਜਿਕ, ਆਰਥਿਕ ਅਤੇ ਸਿਆਸੀ ਢਾਂਚੇ ਦਾ ਪ੍ਰਮੁੱਖ ਅਧਾਰ ਹੈ। ਇਹ ਵਿਸ਼ਵ ਪੱਧਰ 'ਤੇ ਇੱਕ ਮਜ਼ਬੂਤ ਜਾਲ ਵਾਂਗ ਕੰਮ ਕਰਦਾ ਹੈ, ਜੋ ਲੋਕਾਂ ਨੂੰ ਸੰਚਾਰ ਵਿੱਚ, ਵਪਾਰ ਵਿੱਚ, ਸਿੱਖਿਆ ਵਿੱਚ ਅਤੇ ਸੂਚਨਾ ਪ੍ਰਸਾਰਨ ਵਿੱਚ ਜੋੜਦਾ ਹੈ। ਜੇ ਤੀਸਰੇ ਵਿਸ਼ਵ ਯੁੱਧ ਦੇ ਦੌਰਾਨ ਇੰਟਰਨੈੱਟ ਠੱਪ ਹੋ ਜਾਂਦਾ ਹੈ, ਤਾਂ ਇਸ ਨਾਲ ਸੰਸਾਰ ਭਰ ਵਿੱਚ ਵੱਡੇ ਆਰਥਿਕ ਅਤੇ ਸਮਾਜਿਕ ਸੰਕਟਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਭਾਰਤ, ਜੋ ਕਿ ਡਿਜੀਟਲ ਇਨਫਰਾਸਟਰਕਚਰ 'ਤੇ ਕਾਫੀ ਨਿਰਭਰ ਹੈ, ਇਸ ਸੰਭਾਵਤ ਘਟਨਾ ਦਾ ਸਭ ਤੋਂ ਵੱਧ ਪ੍ਰਭਾਵਿਤ ਹੋਣ ਵਾਲਾ ਦੇਸ਼ ਹੋ ਸਕਦਾ ਹੈ। ਆਨਲਾਈਨ ਸੇਵਾਵਾਂ ਤੇ ਕਾਰੋਬਾਰ ਦੀ ਸਫਲਤਾ ਨੇ ਭਾਰਤ ਨੂੰ ਵਿਸ਼ਵ ਪੱਧਰ 'ਤੇ ਇੱਕ ਮਜ਼ਬੂਤ ਅਰਥ ਵਿਵਸਥਾ ਬਣਾਇਆ ਹੈ। ਜੇ ਇੰਟਰਨੈੱਟ ਬੰਦ ਹੋ ਗਿਆ ਤਾਂ ਸਾਰੇ ਆਨਲਾਈਨ ਕਾਰੋਬਾਰ ਠੱਪ ਹੋ ਸਕਦੇ ਹਨ।

ਇਸ ਦੇ ਇਲਾਵਾ ਇੰਟਰਨੈੱਟ ਬੰਦ ਹੋਣ ਨਾਲ ਸਮਾਜਿਕ ਸੰਚਾਰ ਵਿੱਚ ਹੋਣ ਵਾਲੇ ਵੱਡੇ ਨੁਕਸਾਨ ਦਾ ਖਤਰਾ ਹੈ। ਸੋਸ਼ਲ ਮੀਡੀਆ ਅਤੇ ਡਿਜੀਟਲ ਪਲੇਟਫਾਰਮਾਂ 'ਤੇ ਲੋਕ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਦੇ ਹਨ। ਜੇ ਇਹ ਪਲੇਟਫਾਰਮ ਬੰਦ ਹੋ ਜਾਂਦੇ ਹਨ, ਤਾਂ ਲੋਕਾਂ ਨੂੰ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਲਈ ਇਕ ਰਾਹਤ ਦਾ ਸਰੋਤ ਨਹੀਂ ਮਿਲੇਗਾ, ਜਿਸ ਨਾਲ ਸਮਾਜਿਕ ਤਣਾਅ ਵਧ ਸਕਦਾ ਹੈ। ਇਸ ਦੇ ਨਾਲ ਸੂਚਨਾ ਦੇ ਆਧੁਨਿਕ ਸਰੋਤਾਂ ਦਾ ਉਪਲੱਬਧ ਨਾ ਹੋਣਾ ਲੋਕਾਂ ਨੂੰ ਗੁੰਮਰਾਹ ਕਰਨ ਅਤੇ ਸਮਾਜਿਕ ਅਰਾਜਕਤਾ ਨੂੰ ਵਧਾਉਣ ਦਾ ਰਾਹ ਦਿਖਾ ਸਕਦਾ ਹੈ। ਆਰਥਿਕ ਪੱਧਰ 'ਤੇ ਵੀ ਇੰਟਰਨੈੱਟ ਬੰਦ ਹੋਣ ਨਾਲ ਭਾਰਤ ਵਿੱਚ ਵੱਡੇ ਨੁਕਸਾਨਾਂ ਦੀ ਸੰਭਾਵਨਾ ਹੈ। ਬੈਂਕਿੰਗ ਸੇਵਾਵਾਂ, ਜੋ ਕਿ ਇੰਟਰਨੈੱਟ 'ਤੇ ਨਿਰਭਰ ਹੁੰਦੀਆਂ ਹਨ, ਉਹ ਵੀ ਠੱਪ ਹੋ ਸਕਦੀਆਂ ਹਨ, ਜਿਸ ਨਾਲ ਆਰਥਕ ਕਾਰੋਬਾਰ ਨੂੰ ਨੁਕਸਾਨ ਪਹੁੰਚੇਗਾ। ਇਸ ਨਾਲ ਵਿਦੇਸ਼ੀ ਕਾਰੋਬਾਰ ਵਿੱਚ ਵੀ ਰੁਕਾਵਟ ਪੈ ਸਕਦੀ ਹੈ, ਭਾਰਤੀ ਸ਼ੇਅਰ ਬਜ਼ਾਰ, ਸਟਾਕ ਐਕਸਚੇਂਜ, ਜਿਸ ਵਿੱਚ ਭਾਰਤੀਆਂ ਦਾ ਬੇਹਿਸਾਬ ਪੈਸਾ ਲੱਗਾ ਹੋਇਆ ਹੈ, ਉਸ ਪੈਸੇ ਦਾ ਸੰਚਾਰ ਬਿਲਕੁੱਲ ਬੰਦ ਹੋ ਜਾਵੇਗਾ, ਜਿਸ ਨਾਲ ਭਾਰਤ ਦੀ ਅਰਥ-ਵਿਵਸਥਾ ਨੂੰ ਇੱਕ ਵੱਡਾ ਝਟਕਾ ਲੱਗ ਸਕਦਾ ਹੈ।

ਇੰਟਰਨੈੱਟ ਦੇ ਠੱਪ ਹੋਣ ਨਾਲ ਸਿਹਤ ਸੰਬੰਧੀ ਸੇਵਾਵਾਂ ਦੀ ਉਪਲੱਬਧਤਾ ਘਟ ਸਕਦੀ ਹੈ, ਜਿਸ ਨਾਲ ਮਰੀਜ਼ਾਂ ਨੂੰ ਸਮੇਂ ਸਿਰ ਇਲਾਜ ਨਹੀਂ ਮਿਲ ਸਕੇਗਾ। ਇਹ ਸਿਹਤ ਸੰਕਟ ਵਧਾ ਸਕਦਾ ਹੈ, ਜੋ ਕਿ ਪੂਰੇ ਸਿਸਟਮ ਨੂੰ ਠੱਪ ਕਰ ਸਕਦਾ ਹੈ। ਇਸ ਦੇ ਇਲਾਵਾ, ਆਨਲਾਈਨ ਖੇਤਰ ਵਿੱਚ ਰੁਜ਼ਗਾਰ ਕਰਨ ਵਾਲੇ ਲੋਕ, ਜਿਵੇਂ ਕਿ ਫ੍ਰੀਲਾਂਸਰ, ਆਨਲਾਈਨ ਟਿਊਟਰ ਅਤੇ ਆਨਲਾਈਨ ਵਪਾਰੀ, ਉਹ ਵੀ ਵੱਡੇ ਪੱਧਰ 'ਤੇ ਪ੍ਰਭਾਵਿਤ ਹੋ ਸਕਦੇ ਹਨ। ਉਹਨਾਂ ਦੀ ਰੋਜ਼ਗਾਰ ਦੀ ਆਮਦਨ ਨੂੰ ਨੁਕਸਾਨ ਪਹੁੰਚ ਸਕਦਾ ਹੈ, ਜਿਸ ਨਾਲ ਉਹਨਾਂ ਦੇ ਜੀਵਨ ਦਾ ਮਿਆਰ ਠੱਪ ਹੋ ਸਕਦਾ ਹੈ। ਇਸ ਦੇ ਨਾਲ ਇੰਟਰਨੈੱਟ ਬੰਦ ਹੋਣ ਨਾਲ ਲੋਕਾਂ ਵਿੱਚ ਇੱਕ ਨਿਰਾਸ਼ਾਵਾਦ ਅਤੇ ਅਸਹਿਜਤਾ ਦੀ ਭਾਵਨਾ ਪੈਦਾ ਹੋ ਸਕਦੀ ਹੈ, ਜਿਸ ਨਾਲ ਸਮਾਜਿਕ ਅਸਥਿਰਤਾ ਵਧ ਸਕਦੀ ਹੈ। ਤੀਸਰੇ ਵਿਸਵ ਯੁੱਧ ਦੀ ਸੰਭਾਵਨਾ ਅਤੇ ਇੰਟਰਨੈੱਟ ਦੇ ਠੱਪ ਹੋਣ ਨਾਲ ਜੋ ਸੰਕਟ ਪੈਦਾ ਹੋ ਸਕਦੇ ਹਨ, ਉਹ ਸਿਰਫ ਭਾਰਤ ਤੱਕ ਸੀਮਤ ਨਹੀਂ ਹਨ, ਦੁਨੀਆ ਭਰ ਵਿੱਚ ਇਹ ਪ੍ਰਭਾਵ ਦੇਖੇ ਜਾ ਸਕਦੇ ਹਨ। ਇੰਟਰਨੈੱਟ ਦੇ ਬੰਦ ਹੋਣ ਨਾਲ ਗਲੋਬਲ ਰਾਜਨੀਤਿਕ ਸੰਚਾਰ 'ਤੇ ਵੀ ਪ੍ਰਭਾਵ ਪੈ ਸਕਦਾ ਹੈ। ਵਿਸ਼ਵ ਵਿੱਚ ਸੰਚਾਰ ਦੀ ਘਾਟ ਅੰਤਰ-ਰਾਸ਼ਟਰੀ ਸਹਿਯੋਗ ਅਤੇ ਰਾਜਨੀਤਕ ਸੰਬੰਧਾਂ ਵਿੱਚ ਸਮੱਸਿਆ ਪੈਦਾ ਕਰ ਸਕਦੀ ਹੈ। ਇਸ ਨਾਲ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਤਣਾਅ ਵਧ ਸਕਦੇ ਹਨ, ਜੋ ਕਿ ਇੱਕ ਵੱਡੇ ਵਿਸ਼ਵ ਯੁੱਧ ਦੇ ਸੰਕੇਤ ਹੋ ਸਕਦੇ ਹਨ।

ਅੰਤ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਤੀਸਰੇ ਵਿਸ਼ਵ ਯੁੱਧ ਦੀ ਸ਼ੁਰੂਆਤ ਹੋਣਾ ਕੋਈ ਹੈਰਾਨੀ ਵਾਲੀ ਗੱਲ ਨਹੀਂ, ਬਲਕਿ ਇਹ ਸਥਿਤੀਆਂ ਦੇ ਸਮੀਕਰਨ ਦਾ ਨਤੀਜਾ ਹੋ ਸਕਦਾ ਹੈ। ਜਿਵੇਂ ਕਿ ਅੱਜ ਦੇ ਸਮੇਂ ਵਿੱਚ ਦੇਖਿਆ ਜਾ ਸਕਦਾ ਹੈ, ਵਿਸ਼ਵ ਪੱਧਰ 'ਤੇ ਤਣਾਅ ਅਤੇ ਟਕਰਾਅ ਦੀਆਂ ਘਟਨਾਵਾਂ ਵਿੱਚ ਵਾਧਾ ਹੋ ਰਿਹਾ ਹੈ। ਸੰਸਾਰ ਪੱਧਰ ਦੇ ਧਨਾਢ ਵਿਅਕਤੀ ਵੱਡੀਆਂ-ਵੱਡੀਆਂ ਕੰਪਨੀਆਂ ਵਿੱਚੋਂ ਆਪਣਾ ਹਿੱਸਾ ਵੇਚ ਕੇ ਅੰਦਰਖਾਤੇ ਆਪਣੇ ਕੋਲ ਕੈਸ਼ ਵਿੱਚ ਪੈਸਾ ਜਮ੍ਹਾਂ ਕਰ ਰਹੇ ਹਨ, ਕਿਉਂਕਿ ਜੇਕਰ ਤੀਸਰਾ ਵਿਸ਼ਵ ਯੁੱਧ ਪੂਰੀ ਤਰ੍ਹਾਂ ਸ਼ੁਰੂ ਹੋ ਗਿਆ ਤਾਂ ਇੰਟਰਨੈੱਟ ਸੇਵਾਵਾਂ ਠੱਪ ਹੋਣ ਕਰਕੇ ਪੈਸੇ ਦਾ ਨਿਕਾਸ ਵੀ ਆਨਲਾਈਨ ਨਹੀਂ ਹੋ ਸਕੇਗਾ। ਇਹ ਘਟਨਾਵਾਂ ਇੱਕ ਵੱਡੇ ਵਿਸ਼ਵ ਸੰਘਰਸ਼ ਦੀ ਸੰਭਾਵਨਾ ਵਧਾਉਂਦੀਆਂ ਹਨ, ਜੋ ਕਿ ਅਸਲ ਵਿੱਚ ਤੀਸਰੇ ਵਿਸ਼ਵ ਯੁੱਧ ਦੀ ਸ਼ੁਰੂਆਤ ਦਾ ਕਾਰਨ ਬਣ ਸਕਦੀ ਹੈ। ਜੇ ਤੀਸਰਾ ਵਿਸ਼ਵ ਯੁੱਧ ਸ਼ੁਰੂ ਹੋ ਗਿਆ, ਤਾਂ ਇਹ ਸਿਰਫ ਸੈਨਿਕ ਸੰਘਰਸ਼ ਤੱਕ ਸੀਮਿਤ ਨਹੀਂ ਰਹੇਗਾ, ਇਸ ਯੁੱਧ ਦਾ ਅਸਰ ਰਾਜਨੀਤੀ, ਸਮਾਜਿਕ ਢਾਂਚਾ, ਆਰਥਿਕਤਾ ਅਤੇ ਤਕਨਾਲੋਜੀ ਸਮੇਤ ਸੰਸਾਰ ਦੇ ਹਰ ਖੇਤਰ 'ਤੇ ਪਵੇਗਾ। ਜੇ ਤੀਸਰਾ ਵਿਸ਼ਵ ਯੁੱਧ ਸੱਚਮੁੱਚ ਹੋਇਆ ਤਾਂ ਇਹ ਪੂਰੀ ਮਨੁੱਖਤਾ ਲਈ ਇੱਕ ਨਾ ਖਤਮ ਹੋਣ ਵਾਲਾ ਸੰਘਰਸ ਸਾਬਤ ਹੋ ਸਕਦਾ ਹੈ। ਇਸ ਲਈ ਸੰਸਾਰ ਨੂੰ ਇਸ ਪੱਧਰ 'ਤੇ ਪਹੁੰਚਣ ਤੋਂ ਬਚਾਉਣ ਲਈ ਰਾਜਨੀਤਕ ਸਿਆਣਪ, ਸਹਿਯੋਗ ਅਤੇ ਵੱਖ-ਵੱਖ ਦੇਸ਼ਾਂ ਦੇ ਵਿਚਕਾਰ ਸ਼ਾਂਤੀ ਨੂੰ ਉਤਸ਼ਾਹਤ ਕਰਨ ਦੀ ਬਹੁਤ ਜ਼ਰੂਰਤ ਹੈ।

**# ਸੰਪਰਕ : 70098-07121**

# ਵੋਟਾਂ ਆਮ ਲੋਕਾਂ ਦੀਆਂ ਤੇ ਸਹੂਲਤਾਂ ਖ਼ਾਸ ਲੋਕਾਂ ਨੂੰ ਦੇ ਰਹੀ ਮਾਨ ਸਰਕਾਰ : ਚੌਹਾਨ

## ਝੂਠੀਆਂ ਗਰੰਟੀਆਂ ਨਾਲ ਸਰਕਾਰ ਬਣਾ ਕੇ ਆਮ ਲੋਕਾਂ ਨੂੰ ਭੁੱਲੇ ਮੁੱਖ ਮੰਤਰੀ : ਪੰਜਾਬ ਖੇਤ ਮਜ਼ਦੂਰ ਸਭਾ



**ਮਾਨਸਾ (ਆਤਮਾ ਸਿੰਘ ਪਮਾਰ)**

ਇਥੋਂ ਨੇੜਲੇ ਪਿੰਡ ਬਾਜੇ ਵਾਲਾ ਦੇ ਮਨਰੇਗਾ ਕਾਮਿਆਂ ਤੇ ਮਜ਼ਦੂਰਾਂ ਵੱਲੋਂ ਮੀਟਿੰਗ ਕਰਕੇ ਸੂਬੇ ਦੀ ਮਾਨ ਵੱਲੋਂ ਝੂਠੀਆਂ ਗਰੰਟੀਆਂ ਸਹਾਰੇ ਬਣਾਈਂ ਗਈ ਸਰਕਾਰ ਖ਼ਿਲਾਫ਼ ਰੋਸ ਪ੍ਰਗਟ ਕਰਦਿਆਂ ਘੱਟੋ ਘੱਟ ਪੈਨਸ਼ਨ 5,000 ਰੁਪਏ ਪ੍ਰਤੀ ਮਹੀਨਾ ਕਰਨ, ਔਰਤਾਂ ਲਈ ਇਕ ਹਜ਼ਾਰ ਰੁਪਏ ਜਾਰੀ ਕਰਨ, ਪਲਾਟ ਦੀ ਅਲਾਟਮੈਂਟ ਤੇ ਮਨਰੇਗਾ ਕਾਨੂੰਨ ਆਦਿ ਮੰਗਾਂ ਲਾਗੂ ਕਰਨ ਦੀ ਮੰਗ ਕੀਤੀ।

ਮੀਟਿੰਗ ਨੂੰ ਵਿਸ਼ੇਸ਼ ਤੌਰ 'ਤੇ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਤੇ ਮਜ਼ਦੂਰ ਆਗੂ ਕਾਮਰੇਡ ਕ੍ਰਿਸ਼ਨ ਸਿੰਘ ਚੌਹਾਨ ਨੇ ਸੂਬੇ ਦੀ ਮਾਨ ਸਰਕਾਰ 'ਤੇ ਦੋਸ਼ ਲਾਇਆ ਕਿ ਕਿ ਸੂਬੇ ਦੀ ਜਨਤਾ ਨੂੰ ਗੁੰਮਰਾਹ ਕਰਕੇ ਵੋਟਾਂ ਤਾਂ ਆਮ ਲੋਕਾਂ ਤੋ ਬਟੋਰੀਆਂ ਗਈਆਂ, ਪ੍ਰੰਤੂ ਸਹੂਲਤਾਂ ਤੇ ਰਿਆਇਤਾਂ ਕੇਵਲ ਖਾਸ ਲੋਕਾਂ ਨੂੰ ਹੀ ਦਿੱਤੀਆਂ ਜਾਂ ਰਹੀਆਂ ਹਨ, ਜਦਕਿ ਗਰੀਬ ਤੇ ਵਿਸ਼ੇਸ਼ ਕਰਰੇ ਆਮ ਲੋਕ ਮੁਢਲੀਆਂ ਸਹੂਲਤਾਂ ਤੋਂ ਵੀ ਵਾਂਝੇ ਹਨ।

ਕਾਮਰੇਡ ਚੌਹਾਨ ਨੇ ਡਿਪਟੀ ਕਮਿਸ਼ਨਰ ਮਾਨਸਾ ਤੋਂ ਬਾਰਸ਼ਾਂ ਕਰਕੇ ਡਿੱਗੇ ਮਕਾਨਾਂ ਦੀ ਨਿਸ਼ਾਨਦੇਹੀ ਦੀ ਮੰਗ ਕਰਦਿਆਂ ਫੌਰੀ ਰਾਹਤ ਦੇਣ ਲਈ ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਮਕਾਨ ਬਣਾਉਣ ਦੀ ਮੰਗ ਕੀਤੀ।ਹਰ ਲੋੜਵੰਦ ਲਈ ਦਸ-ਦਸ ਮਰਲੇ ਦੇ ਪਲਾਟ ਅਲਾਟ ਕਰਵਾਉਣ ਲਈ ਜਥੇਬੰਦੀ ਨੂੰ ਹੋਰ ਮਜ਼ਬੂਤ ਕਰਨ ਦੀ ਵੀ ਅਪੀਲ ਕੀਤੀ।ਮੀਟਿੰਗ ਦੌਰਾਨ ਨਸ਼ਿਆਂ ਕਰਕੇ ਬਰਬਾਦ ਹੋ ਰਹੀ ਨੌਜਵਾਨੀ ਨੂੰ ਸੰਕਟ ਵਿੱਚੋਂ ਕੱਢਣ ਲਈ ਨਸ਼ਾ ਤਸਕਰਾਂ ਦੀ ਜਾਇਦਾਦ ਕੁਰਕ ਕਰਕੇ ਗਰੀਬ ਲੋਕਾਂ ਵਿੱਚ ਵੰਡੀ ਜਾਣ ਦੀ ਅਪੀਲ ਵੀ ਕੀਤੀ।ਮੀਟਿੰਗ 'ਚ ਹਾਜ਼ਰ ਸਾਥੀਆਂ ਵੱਲੋਂ ਮਜ਼ਦੂਰ ਮੰਗਾਂ ਸਬੰਧੀ ਡਿਪਟੀ ਕਮਿਸ਼ਨਰ ਨੂੰ ਮਿਲ ਕੇ ਮੰਗ ਪੱਤਰ ਸੌਂਪਣ ਦਾ ਪ੍ਰੋਗਰਾਮ ਵੀ ਬਣਾਇਆ ਗਿਆ।ਇਸ ਸਮੇਂ 25 ਮੈਂਬਰੀ ਪਿੰਡ ਇਕਾਈ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ, ਜਿਸ 'ਚ ਬੂਟਾ ਸਿੰਘ ਪ੍ਰਧਾਨ, ਸੁਖਵਿੰਦਰ ਸਿੰਘ ਜਨਰਲ ਸਕੱਤਰ ਗੁਰਮੇਲ ਸਿੰਘ, ਮੰਦਰ ਸਿੰਘ, ਬੋਘਾ ਸਿੰਘ, ਬਿੰਦਰ ਸਿੰਘ ਮਿਸਤਰੀ, ਜੱਗਾ ਸਿੰਘ, ਲਾਭ ਸਿੰਘ ਤੇ ਪਾਲ ਸਿੰਘ, ਦਿਲਪ੍ਰੀਤ ਸਿੰਘ ਆਦਿ ਕਮੇਟੀ ਮੈਂਬਰ ਚੁਣੇ ਗਏ।

# ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰ ਯੂਨੀਅਨ ਵੱਲੋਂ ਸਰਕਾਰ ਖਿਲਾਫ ਨਾਅਰੇਬਾਜ਼ੀ

## ਜੇਕਰ ਹੱਕੀ ਮੰਗਾਂ ਲਾਗੂ ਨਾ ਕੀਤੀਆਂ ਤਾਂ ਜ਼ਿਮਨੀ ਚੋਣਾਂ 'ਚ 'ਆਪ' ਦਾ ਕਰਾਂਗੇ ਮੁਕੰਮਲ ਬਾਈਕਾਟ : ਆਗੂ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰ ਯੂਨੀਅਨ ਦੀ ਅਹਿਮ ਮੀਟਿੰਗ ਇੰਜ: ਕੇਵਲ ਸਿੰਘ ਪੰਡੋਰੀ ਦੀ ਪ੍ਰਧਾਨਗੀ ਹੇਠ ਇਥੇ ਹੋਈ।ਇਸ ਮੌਕੇ ਸਮੂਹ ਪੈਨਸ਼ਨਰਾਂ ਨੇ ਕੇਂਦਰ ਤੇ ਰਾਜ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕਰਦਿਆਂ ਪੈਨਸ਼ਨਰ ਦੀਆ ਹੱਕੀ ਮੰਗਾਂ ਨੂੰ ਤੁਰੰਤ ਪੂਰਾ ਕਰਨ ਦੀ ਮੰਗ ਕੀਤੀ।ਸੂਬਾ ਵਿੱਤ ਸਕੱਤਰ ਸੁਖਜੰਟ ਸਿੰਘ ਬਰਨਾਲਾ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਮਾਰੂ ਨੀਤੀਆਂ ਕਾਰਨ ਹਰ ਵਰਗ ਦੇ ਲੋਕ ਦੁਖੀ ਹਨ।ਹੱਕੀ ਮੰਗਾਂ ਲਈ ਸੰਘਰਸ਼ ਕਰਦੇ ਲੋਕਾਂ ਨੂੰ ਡੰਡੇ ਦੇ ਜ਼ੋਰ ਨਾਲ ਦਬਾਉਣ ਦਾ ਭਰਮ ਪਾਲਿਆ ਜਾ ਰਿਹਾ ਹੈ, ਜਿਸ ਪੰਜਾਬ ਦੇ ਅਣਖੀ ਲੋਕ ਬਰਦਾਸ਼ਤ ਨਹੀਂ ਕਰਨਗੇ।ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਨੇ ਪੇ-ਸਕੇਲਾਂ ਦਾ ਬਕਾਇਆ, 12 ਫੀਸਦੀ ਡੀ ਏ ਦੀਆਂ ਕਿਸ਼ਤਾਂ, 2.5.9 ਦੇ ਫਾਰਮੂਲੇ ਨਾਲ ਸਾਰੇ ਪੈਨਸ਼ਨਰਾਂ ਨੂੰ ਸਕੇਲ, ਮੈਡੀਕਲ ਦੇ ਬਿੱਲ ਨਾ ਦਿੱਤੇ, ਤਾਂ ਜ਼ਿਮਨੀ ਚੋਣਾਂ 'ਚ ਆਪ ਦਾ ਡੱਟ ਕੇ ਪਿੰਡ ਪਿੰਡ ਵਿਰੋਧ ਕਰਕੇ ਮੁਕੰਮਲ ਬਾਈਕਾਟ ਕੀਤਾ ਜਾਵੇਗਾ।ਇਸ ਮੌਕੇ ਸੁਖਦੇਵ ਸਿੰਘ ਝਲੂਰ, ਸਾਧੂ ਸਿੰਘ ਬੜੀ, ਬਿੱਕਰ ਸਿੰਘ ਛੀਨੀਵਾਲ, ਜਗਦੇਵ ਸਿੰਘ ਕੁਰੜ, ਪਾਰਸ ਸਿੰਘ, ਸੂਰਤ ਰਾਮ, ਸੁਰਜੀਤ ਸਿੰਘ ਖਿਆਲੀ, ਹਰਬੰਸ ਸਿੰਘ ਹਮੀਦੀ, ਜਗਮੇਲ ਸਿੰਘ ਛੀਨੀਵਾਲ, ਦਰਸ਼ਨ ਸਿੰਘ ਜੌਹਲ ਸਮੇਤ ਵੱਡੀ ਗਿਣਤੀ ਵਿੱਚ ਪੈਨਸ਼ਨਰਜ਼ ਹਾਜ਼ਰ ਸਨ।

# ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ ਵਿਦੇਸ਼ 'ਚ ਜਿਸਮਫਰੋਸ਼ੀ ਦਾ ਧੰਦਾ ਕਰਨ ਲਈ ਮਜਬੂਰ ਕਰਨ ਦਾ ਦੋਸ਼



ਦੋਸ਼ ਲਗਾਉਂਦੀ ਪੀੜਤ ਔਰਤ (ਸੱਜੇ) ਆਪਣਾ ਪੱਖ ਪੇਸ਼ ਕਰਦਾ ਹੋਇਆ ਵਰਿੰਦਰ ਸਿੰਘ।

**ਜ਼ੀਰਾ (ਪਰਮਜੀਤ ਸਿੰਘ ਧੰਜੂ)**-ਥਾਣਾ ਸਿਟੀ ਜ਼ੀਰਾ ਵਿਖੇ ਇੱਕ ਔਰਤ ਨੇ ਸਥਾਨਕ ਸ਼ਹਿਰ ਦੇ ਇੱਕ ਵਿਅਕਤੀ ਖਿਲਾਫ ਵਿਦੇਸ਼ ਵਿੱਚ ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ ਜਿਸਮਫਰੋਸ਼ੀ ਦਾ ਧੰਦਾ ਕਰਨ ਲਈ ਮਜਬੂਰ ਕਰਨ ਦਾ ਦੋਸ਼ ਲਗਾਇਆ ਹੈ, ਜਦੋਂਕਿ ਪੁਲਸ ਨੇ ਇਸ ਮਾਮਲੇ ਦੀ ਪੜਤਾਲ ਸ਼ੁਰੂ ਕਰ ਦਿੱਤੀ ਹੈ। ਜ਼ਿਲ੍ਹਾ ਪੀਲੀਭੀਤ, ਉੱਤਰ ਪ੍ਰਦੇਸ ਦੀ ਰਹਿਣ ਵਾਲੀ ਇੱਕ ਔਰਤ ਨੇ ਵਰਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਨਾਨਕ ਨਗਰੀ ਜ਼ੀਰਾ ਖਿਲਾਫ ਥਾਣਾ ਸਿਟੀ ਜ਼ੀਰਾ ਵਿਖੇ ਦਿੱਤੀ ਗਈ ਸ਼ਿਕਾਇਤ ਵਿੱਚ ਦੋਸ਼ ਲਗਾਇਆ ਹੈ ਕਿ ਉਸ ਨੇ ਮੈਨੂੰ ਐੱਮ ਡੀ ਆਰ ਕੰਪਨੀ ਦੁਬਈ ਵਿੱਚ ਕੰਮ ਦਿਵਾਉਣ ਦੇ ਬਹਾਨੇ ਪਿਛਲੇ ਸਾਲ ਅਗਸਤ ਮਹੀਨੇ ਵਿੱਚ 140000 ਰੁਪਏ ਜਿਨ੍ਹਾਂ ਵਿੱਚੋਂ 40 ਹਜ਼ਾਰ ਰੁਪਏ ਨਕਦ ਤੇ ਬਾਕੀ 1 ਲੱਖ ਰੁਪਏ ਕਿਸ਼ਤਾਂ ਦੇ ਰੂਪ ਵਿੱਚ ਆਪਣੇ, ਪ੍ਰਦੀਪ ਕੁਮਾਰ ਤੇ ਕੁਝ ਹੋਰ ਵਿਅਕਤੀਆਂ ਦੇ ਬੈਂਕ ਖਾਤੇ ਵਿੱਚ ਪਵਾਏ, ਜਿਸ ਦੇ ਮੇਰੇ ਕੋਲ ਸਬੂਤ ਵੀ ਹਨ। ਪੱਤਰਕਾਰਾਂ ਨੂੰ ਇਨ੍ਹਾਂ ਸਬੂਤਾਂ ਦੀਆਂ ਨਕਲਾਂ ਦਿੰਦਿਆਂ ਪੀੜਤ ਔਰਤ ਨੇ ਦੋਸ਼ ਲਗਾਇਆ ਕਿ ਪਹਿਲਾਂ ਤਾਂ ਵਰਿੰਦਰ ਸਿੰਘ ਨੇ ਮੈਨੂੰ ਮੇਰਾ ਫਰਜ਼ੀ ਵੀਜ਼ਾ ਦੇ ਦਿੱਤਾ ਅਤੇ ਬਾਅਦ ਵਿੱਚ ਦਬਾਅ ਪਾਉਣ 'ਤੇ ਉਸ ਨੇ ਮੈਨੂੰ ਦਿੱਲੀ ਏਅਰਪੋਰਟ ਤੋਂ ਟਿਕਟ ਦਿਵਾ ਕੇ ਓਮਾਨ ਭੇਜ ਦਿੱਤਾ। ਉਸ ਨੇ ਦੱਸਿਆ ਕਿ ਓਮਾਨ ਪਹੁੰਚ ਕੇ ਵਰਿੰਦਰ ਸਿੰਘ ਵੱਲੋਂ ਦੱਸੇ ਗਏ ਪ੍ਰਦੀਪ ਕੁਮਾਰ ਨਾਮ ਦੇ ਵਿਅਕਤੀ ਨਾਲ ਮੈਂ ਸੰਪਰਕ ਕੀਤਾ ਤਾਂ ਉਹ ਮੈਨੂੰ ਆਪਣੇ ਦਫਤਰ ਲੈ ਗਿਆ ਅਤੇ ਉਸ ਨੇ ਮੈਨੂੰ ਇੱਕ ਸੇਖ ਨਾਲ ਮਿਲਾਉਂਦਿਆਂ ਕਿਹਾ ਕਿ ਤੁਹਾਨੂੰ ਐਮ ਡੀ ਆਰ ਕੰਪਨੀ ਦੀ ਬਜਾਏ ਇਸ ਸੇਖ ਦੇ ਘਰ ਵਿੱਚ ਘਰੇਲੂ ਸਹਾਇਕ ਵਜੋਂ ਕੰਮ ਕਰਨਾ ਪਵੇਗਾ। ਉਸ ਨੇ ਦੱਸਿਆ ਕਿ ਮੈਨੂੰ ਸੇਖ ਦਾ ਵਿਹਾਰ ਕੁਝ ਠੀਕ ਨਾ ਲੱਗਾ ਤਾਂ ਮੈਂ ਸੇਖ ਦੇ ਘਰ ਜਾਣ ਤੋਂ ਇਨਕਾਰ ਕਰ ਦਿੱਤਾ, ਜਿਸ ਤੋਂ ਬਾਅਦ ਕਾਫੀ ਹੰਗਾਮਾ ਹੋਇਆ ਤਾਂ ਪ੍ਰਦੀਪ ਨੇ ਮੈਨੂੰ ਆਪਣੇ ਦਫਤਰ ਦੇ ਨੇੜੇ ਇੱਕ ਕਮਰਾ ਲੈ ਕੇ ਦੇ ਦਿੱਤਾ। ਉਸ ਨੇ ਦੱਸਿਆ ਕਿ ਕੁਝ ਦਿਨਾਂ ਬਾਅਦ ਪ੍ਰਦੀਪ ਨੇ ਮੈਨੂੰ ਆਪਣੇ ਨਿੱਜੀ ਕਮਰੇ ਵਿੱਚ ਬੁਲਾਇਆ, ਜਿੱਥੇ ਪਹਿਲਾਂ ਹੀ ਕੁਝ ਲੜਕੀਆਂ ਮੌਜੂਦ ਸਨ, ਜਿਨਾਂ ਦੇ ਕੱਪੜਿਆਂ ਤੇ ਬੋਲਚਾਲ ਤੋਂ ਮੈਂ ਅੰਦਾਜ਼ਾ ਲਗਾਇਆ ਕਿ ਉਹ ਲੜਕੀਆਂ ਪਹਿਲਾਂ ਤੋਂ ਹੀ ਕਥਿਤ ਤੌਰ 'ਤੇ ਜਿਸਮਫਰੋਸ਼ੀ ਦੇ ਧੰਦੇ ਵਿੱਚ ਲਿਪਤ ਹਨ। ਪੀੜਤ ਔਰਤ ਨੇ ਦਿੱਤੀ ਲਿਖਤੀ ਸ਼ਿਕਾਇਤ ਵਿੱਚ ਅੱਗੇ ਦੋਸ਼ ਲਗਾਇਆ ਕਿ ਪ੍ਰਦੀਪ ਕੁਮਾਰ ਨੇ ਮੈਨੂੰ ਕਿਹਾ ਕਿ ਤੇਰੇ ਇੱਥੇ ਆਉਣ 'ਤੇ ਜਿੰਨੇ ਪੈਸੇ ਖਰਚ ਹੋਏ ਹਨ, ਤੂੰ ਉਸ ਤੋਂ ਚਾਰ ਗੁਣਾਂ ਵੱਧ ਪੈਸੇ ਮੇਰੇ ਤੋਂ ਲੈ ਲਵੀਂ, ਪਰ ਇਨ੍ਹਾਂ ਲੜਕੀਆਂ ਦੇ ਵਾਂਗ ਤੈਨੂੰ ਇੱਕ ਮਹੀਨਾ ਕੰਮ ਕਰਨਾ ਪਵੇਗਾ, ਜਿਸ ਤੋਂ ਬਾਅਦ ਪ੍ਰਦੀਪ ਕੁਮਾਰ ਉਨ੍ਹਾਂ ਵਿੱਚੋਂ ਇੱਕ ਲੜਕੀ ਨਾਲ ਕਥਿਤ ਤੌਰ 'ਤੇ ਅਸ਼ਲੀਲ ਹਰਕਤਾਂ ਕਰਨ ਲੱਗ ਪਿਆ, ਜਿਸ ਦੀ ਵੀਡੀਓ ਵੀ ਮੇਰੇ ਕੋਲ ਮੌਜੂਦ ਹੈ।

ਇਸ ਸਬੰਧੀ ਜਦੋਂ ਵਰਿੰਦਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਸ ਨੇ ਆਪਣੇ ਉੱਪਰ ਲੱਗੇ ਸਾਰੇ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰਦਿਆਂ ਦੱਸਿਆ ਕਿ ਉਸ ਨੇ ਆਪਣੇ ਇੱਕ ਦੋਸਤ ਦੇ ਰਾਹੀਂ 140000 ਰੁਪਏ ਵਿੱਚ ਉਕਤ ਔਰਤ ਦਾ 2 ਸਾਲ ਦਾ ਵੀਜ਼ਾ ਲਗਵਾਇਆ ਸੀ, ਜਦੋਂਕਿ ਉਕਤ ਔਰਤ ਕੇਵਲ ਇੱਕ ਦਿਨ ਹੀ ਉੱਥੇ ਰਹੀ ਤੇ ਉੱਥੇ ਕੰਮ ਕਰਨ ਦੀ ਬਜਾਏ ਵਾਪਸ ਆਉਣ ਦੀ ਜ਼ਿੱਦ ਕਰਨ ਲੱਗੀ, ਜਿਸ 'ਤੇ ਅਸੀਂ ਉਸ ਨੂੰ ਵਾਪਸ ਬੁਲਾ ਲਿਆ। ਵਰਿੰਦਰ ਸਿੰਘ ਨੇ ਦੱਸਿਆ ਕਿ ਸਾਡਾ ਇਸ ਕੰਮ ਤੇ ਇੱਕ ਲੱਖ ਰੁਪਏ ਖਰਚ ਹੋਇਆ ਹੈ ਅਤੇ ਬਾਕੀ 40 ਹਜ਼ਾਰ ਰੁਪਏ ਸਾਡੀ ਫੀਸ ਬਣਦੀ ਹੈ, ਪਰ ਹੁਣ ਉਕਤ ਔਰਤ ਸਾਡੇ ਖਿਲਾਫ ਥਾਣੇ ਵਿੱਚ ਝੂਠੀਆਂ ਦਰਖਾਸਤਾਂ ਦੇ ਕੇ ਸਾਨੂੰ ਨਜਾਇਜ਼ ਤੰਗ ਪਰੇਸ਼ਾਨ ਕਰ ਰਹੀ ਹੈ। ਇਸ ਸਬੰਧੀ ਜਦੋਂ ਥਾਣਾ ਸਿਟੀ ਜ਼ੀਰਾ ਦੇ ਤਫਤੀਸ਼ੀ ਅਧਿਕਾਰੀ ਏ ਐੱਸ ਆਈ ਸੁਖਬੀਰ ਸਿੰਘ ਨਾਲ ਫੋਨ 'ਤੇ ਸੰਪਰਕ ਕੀਤਾ ਗਿਆ ਤਾਂ ਉਸ ਨੇ ਉਕਤ ਔਰਤ ਵੱਲੋਂ ਦਿੱਤੀ ਗਈ ਦਰਖਾਸਤ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਦੋਵਾਂ ਧਿਰਾਂ ਨੂੰ ਪੜਤਾਲ ਲਈ ਬੁਲਾਇਆ ਗਿਆ ਹੈ ਅਤੇ ਜੋ ਵੀ ਤੱਥ ਸਾਹਮਣੇ ਆਉਣਗੇ. ਉਸ ਦੇ ਆਧਾਰ 'ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਗੋਲੀਬਾਰੀ ਦੌਰਾਨ ਹੋਏ ਤੀਹਰੇ ਕਤਲ ਦੇ ਮਾਮਲੇ 'ਚ 12 ਵਿਅਕਤੀਆਂ ਖਿਲਾ.ਫ ਮਾਮਲਾ ਦਰਜ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਫ਼ਿਰੋਜ਼ਪੁਰ ਸ਼ਹਿਰ ਦੇ ਕੰਬੋਜ ਨਗਰ ਸਥਿਤ ਗੁਰਦੁਆਰਾ ਅਕਾਲਗੜ੍ਹ ਸਾਹਿਬ ਨੇੜੇ ਬੀਤੀ ਦੁਪਹਿਰ ਹੋਈ ਗੋਲੀਬਾਰੀ ਦੌਰਾਨ ਹੋਏ ਤੀਹਰੇ ਕਤਲ ਦੇ ਮਾਮਲੇ 'ਚ ਥਾਣਾ ਸਿਟੀ ਫ਼ਿਰੋਜ਼ਪੁਰ ਦੀ ਪੁਲਸ ਨੇ 12 ਵਿਅਕਤੀਆਂ ਖਿਲਾ.ਫ ਮਾਮਲਾ ਦਰਜ ਕਰਕੇ ਕਾਤਲਾਂ ਨੂੰ ਗ੍ਰਿਫ਼ਤਾਰ ਕਰਨ ਲਈ ਪੁਲਸ ਨੇ ਥਾਣਾ ਸਿਟੀ ਫ਼ਿਰੋਜ਼ਪੁਰ ਦੇ ਐੱਸ.ਐੱਚ.ਓ. ਇੰਸਪੈਕਟਰ ਹਰਿੰਦਰ ਸਿੰਘ ਦੀ ਅਗਵਾਈ ਹੇਠ ਛਾਪੇਮਾਰੀ ਕੀਤੀ ਜਾ ਰਹੀ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਐਸ.ਪੀ ਇਨਵੈਸਟੀਗੇਸ਼ਨ ਫ਼ਿਰੋਜ਼ਪੁਰ ਰਣਧੀਰ ਕੁਮਾਰ ਨੇ ਦੱਸਿਆ ਕਿ ਸ਼ਿਕਾਇਤਕਰਤਾ ਮੁਦੱਈਆ ਚਰਨਜੀਤ ਕੌਰ ਪਤਨੀ ਪਰਮਜੀਤ ਸਿੰਘ ਵਾਸੀ ਕੰਬੋਜ ਨਗਰ (ਨੇੜੇ ਗੁਰਦੁਆਰਾ ਅਕਾਲਗੜ੍ਹ ਸਾਹਿਬ) ਫ਼ਿਰੋਜ਼ਪੁਰ ਸ਼ਹਿਰ ਨੇ ਪੁਲਸ ਨੂੰ ਦਿੱਤੇ ਬਿਆਨਾਂ 'ਚ ਦੱਸਿਆ ਕਿ ਬੀਤੀ ਰਾਤ ਕਰੀਬ 12 ਵਜੇ ਉਹ ਡਿੱਗ ਪਈ ਸੀ। ਉਹ ਗੁਰਦੁਆਰਾ ਸ੍ਰੀ ਅਕਾਲਗੜ੍ਹ ਸਾਹਿਬ ਵਿਖੇ ਮੱਥਾ ਟੇਕਣ ਆਈ ਸੀ ਤੇ ਜਦੋਂ ਉਹ ਗੁਰਦੁਆਰਾ ਸਾਹਿਬ ਦੇ ਬਾਹਰ ਸਿਰ ਝੁਕਾ ਕੇ ਆਪਣੇ ਬੱਚਿਆਂ ਦਾ ਇੰਤਜ਼ਾਰ ਕਰ ਰਹੀ ਸੀ, ਤਾਂ ਉਸ ਦਾ ਪੁੱਤਰ ਦਿਲਦੀਪ ਸਿੰਘ, ਭਤੀਜਾ ਅਨਮੋਲਪ੍ਰੀਤ ਸਿੰਘ, ਭਤੀਜੀ ਜਸਪ੍ਰੀਤ ਕੌਰ, ਪੁੱਤਰ ਦਾ ਦੋਸਤ ਅਕਾਸ਼ਦੀਪ ਸਿੰਘ ਤੇ ਹਰਪ੍ਰੀਤ ਸਿੰਘ ਉਰਫ਼ ਜੈਂਤੀ ਕਾਰ 'ਚ ਸਵਾਰ ਹੋ ਕੇ ਜਦੋਂ ਗੁਰਦੁਆਰਾ ਸਾਹਿਬ ਨੇੜੇ ਆ ਰਹੇ ਸਨ ਤਾਂ ਮੁੱਖ ਮਾਰਗ ਤੋਂ 3 ਮੋਟਰਸਾਈਕਲਾਂ 'ਤੇ ਸਵਾਰ 9 ਹਥਿਆਰਬੰਦ ਨੌਜਵਾਨਾਂ ਨੇ ਰਵਿੰਦਰ ਸਿੰਘ ਉਰਫ਼ ਰਵੀ ਉਰਫ਼ ਸੁੱਖੂ ਪੁੱਤਰ ਕਰਨੈਲ ਸਿੰਘ, ਰਾਜਵੀਰ ਸਿੰਘ ਉਰਫ਼ ਦਲੇਰ ਸਿੰਘ ਪੁੱਤਰ ਮਹਿੰਦਰ ਸਿੰਘ, ਐੱਸ. ਸੁਖਚੈਨ ਸਿੰਘ ਉਰਫ਼ ਜਸ ਗਿਆਨੀ ਪੁੱਤਰ ਗੱਬਰ ਸਿੰਘ ਹਲਵਾਈ, ਅਕਸ਼ੈ ਉਰਫ਼ ਭਾਸ਼ੀ ਪੁੱਤਰ ਬਲਵੀਰ ਸਿੰਘ ਤੇ ਗੌਤਮ ਪੁੱਤਰ ਚੰਨੂ ਵਾਸੀ ਬਸਤੀ ਬਾਗ ਸ਼ਹਿਰ ਫ਼ਿਰੋਜ਼ਪੁਰ ਅਤੇ ਪ੍ਰਿੰਸ ਪੁੱਤਰ ਨਮਾਲੂ ਵਾਸੀ ਪਿੰਡ ਕੁੰਡੇ ਤੇ ਉਨ੍ਹਾਂ ਦੇ ਨਾਲ 3 ਅਣਪਛਾਤੇ ਨੌਜਵਾਨ (ਜਿਨ੍ਹਾਂ ਨੂੰ ਉਹ ਜਦੋਂ ਉਹ ਸਾਹਮਣੇ ਆਏ ਤਾਂ ਪਛਾਣ) ਲਵੇਗੀ ਮੋਟਰਸਾਈਕਲ 'ਤੇ ਆਏ, ਜਿਨ੍ਹਾਂ ਸਾਰਿਆਂ ਨੇ ਹੱਥਾਂ 'ਚ ਪਿਸਤੌਲ ਫੜੇ ਹੋਏ ਸਨ ਅਤੇ ਉਨ੍ਹਾਂ ਨੇ ਦਿਲਪ੍ਰੀਤ ਦੀ ਕਾਰ ਨੂੰ ਘੇਰ ਲਿਆ ਤੇ ਸਾਰਿਆਂ ਨੇ ਕਾਰ 'ਚ ਬੈਠੇ ਪਰਿਵਾਰਕ ਮੈਂਬਰਾਂ 'ਤੇ ਅੰਨ੍ਹੇਵਾਹ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਇਸ ਫਾਇਰਿੰਗ 'ਚ ਉਸ ਦੀ ਭਤੀਜੀ ਜਸਪ੍ਰੀਤ ਕੌਰ ਪੁੱਤਰੀ ਕੁਲਦੀਪ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ ਤੇ ਬਾਅਦ 'ਚ ਉਸ ਨੂੰ ਫ਼ਿਰੋਜ਼ਪੁਰ ਸ਼ਹਿਰ ਦੇ ਇਕ ਨਿੱਜੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ, ਜਿਸ 'ਚ ਉਸ ਦੇ ਲੜਕੇ ਦਿਲਦੀਪ ਸਿੰਘ ਤੇ ਉਸ ਦੇ ਦੋਸਤ ਆਕਾਸ਼ਦੀਪ ਦੀ ਵੀ ਇਲਾਜ ਦੌਰਾਨ ਮੌਤ ਹੋ ਗਈ, ਜਦਕਿ ਬਾਕੀ ਜ਼ਖ਼ਮੀਆਂ ਦਾ ਇਲਾਜ ਚੱਲ ਰਿਹਾ ਹੈ। ਸ਼ਿਕਾਇਤਕਰਤਾ ਮੁਦੱਈਆ ਨੇ ਪੁਲਸ ਨੂੰ ਦਿੱਤੇ ਆਪਣੇ ਬਿਆਨਾਂ 'ਚ ਦੱਸਿਆ ਕਿ ਉਸਦੇ ਲੜਕੇ ਦਿਲਦੀਪ ਸਿੰਘ ਦੀ ਆਸ਼ੀਸ਼ ਚੋਪੜਾ ਤੇ ਹੈਪੀ ਮੱਲ ਨਾਲ ਪੁਰਾਣੀ ਰੰਜਿਸ਼ ਸੀ ਅਤੇ ਉਹ ਅਕਸਰ ਹੀ ਦਿਲਦੀਪ ਸਿੰਘ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਰਹਿੰਦੇ ਸਨ ਤੇ ਇਸੇ ਦੁਸ਼ਮਣੀ ਦੇ ਚੱਲਦਿਆਂ ਆਸ਼ੀਸ਼ ਚੋਪੜਾ ਅਤੇ ਹੈਪੀ ਮੱਲ ਦੇ ਇਸ਼ਾਰੇ 'ਤੇ ਮੋਟਰਸਾਈਕਲ 'ਤੇ ਆਏ ਨੌਜਵਾਨ ਨੇ ਗੋਲੀਆਂ ਚਲਾ ਕੇ ਉਸ ਦੇ ਪਰਿਵਾਰ ਦੇ ਤਿੰਨ ਬੱਚਿਆਂ ਦੀ ਹੱਤਿਆ ਕਰ ਦਿੱਤੀ।

# ਬੀ ਡੀ ਪੀ ਓ ਦਫਤਰ ਅੱਗੇ ਡੀ ਐੱਮ ਐੱਫ ਦੀ ਅਗਵਾਈ 'ਚ ਧਰਨਾ ਜਾਰੀ



**ਨਾਭਾ (ਵਰਿੰਦਰ ਵਰਮਾ)**-ਬੀਡੀਪੀਓ ਵਿਭਾਗ ਦੇ ਬਾਹਰ ਚਲਦੇ ਡੈਮੋਕ੍ਰੇਟਿਕ ਮਨਰੇਗਾ ਫਰੰਟ ਦੀ ਅਗਵਾਈ 'ਚ ਪੱਕੇ ਧਰਨੇ ਦੇ 36ਵੇਂ ਦਿਨ ਪ੍ਰੈੱਸ ਬਿਆਨ ਜਾਰੀ ਕਰਦੇ ਹੋਏ ਪੰਚਾਇਤ ਵਿਭਾਗ ਤੇ ਮਨਰੇਗਾ ਸਟਾਫ਼ ਦੀ ਨਿਖੇਧੀ ਕੀਤੀ ਕਿ ਉਹ ਬੀਤੇ ਦਿਨ ਕਕਰਾਲਾ ਪਿੰਡ ਵਿਖੇ ਗੈਰ-ਕਾਨੂੰਨੀ ਕੰਮ ਕਰਦੇ ਪਿੰਡ ਵਾਸੀਆਂ ਨੇ ਫੜ ਲਏ।ਡੈਮੋਕ੍ਰੇਟਿਕ ਮਨਰੇਗਾ ਫਰੰਟ ਦੇ ਸੂਬਾ ਆਗੂ ਰਾਜ ਕੌਰ ਬੂਹੀ, ਜ਼ਿਲ੍ਹਾ ਪ੍ਰਧਾਨ ਕੁਲਵਿੰਦਰ ਕੌਰ ਰਾਮਗੜ੍ਹ ਨੇ ਦੱਸਿਆ ਕਿ ਇੱਕ ਪਾਸੇ ਸਮੂਹ ਜੀ ਆਰ ਐੱਸ ਸਮੇਤ ਸਾਰਾ ਮਨਰੇਗਾ ਸਟਾਫ਼ ਵੈਸੇ ਤਾਂ ਸਰਕਾਰ ਖ਼ਿਲਾਫ਼ 2 ਸਤੰਬਰ ਤੋਂ ਹੜਤਾਲ 'ਤੇ ਗਿਆ ਹੋਇਆ ਹੈ, ਜਿਸ ਕਾਰਨ ਸਭ ਥਾਂ ਮਨਰੇਗਾ ਦਾ ਕੰਮ ਠੱਪ ਪਿਆ ਹੈ ਤੇ ਮਜ਼ਦੂਰਾਂ ਦਾ ਰੁਜ਼ਗਾਰ ਮਾਰਿਆ ਜਾ ਰਿਹਾ ਹੈ, ਪਰ ਦੂਜੇ ਪਾਸੇ ਇੱਕ ਜੀ ਆਰ ਐੱਸ ਤੇ ਮਨਰੇਗਾ ਸਹਾਇਕ ਪ੍ਰੋਗਰਾਮ ਅਫ਼ਸਰ (ਏ ਪੀ ਓ) ਓਸੇ ਸਰਕਾਰ ਦੇ ਕਹੇ 'ਤੇ ਹੜਤਾਲ 'ਤੇ ਹੋਣ ਦੇ ਬਾਵਜੂਦ ਪਿੰਡ ਕਕਰਾਲਾ ਵਿਖੇ ਲੋਕਾਂ ਨੂੰ ਵਰਗਲਾ ਕੇ ਇੱਕ ਬਾਇਓ ਗੈਸ ਪਲਾਂਟ ਦੇ ਲਈ ਧੋਖਾਧੜੀ ਵਾਲੀ ਅਰਜ਼ੀ ਉੱਪਰ ਹਸਤਾਖਰ ਕਰਾਉਣ ਮੀਂਹ 'ਚ ਵੀ ਚਲੇ ਗਏ, ਉਥੇ ਇਨ੍ਹਾਂ ਨੂੰ ਨਾਲ ਗਏ ਪਟਵਾਰੀ ਸਮੇਤ ਦੇਰ ਰਾਤ ਤੱਕ ਲੋਕਾਂ ਨੇ ਗ੍ਰਿਫਤਾਰ ਕਰੀ ਰੱਖਿਆ।ਲੋਕਾਂ ਨੇ ਇਨ੍ਹਾਂ ਖਿਲਾਫ ਧੋਖਾਧੜੀ ਦੀ ਸ਼ਿਕਾਇਤ ਰਸੀਦ ਕਰਨ ਉਪਰੰਤ ਹੀ ਉਨ੍ਹਾਂ ਨੂੰ ਪੁਲਸ ਦੇ ਹਵਾਲੇ ਕੀਤਾ।ਅਰਜ਼ੀ ਅੱਧੀ ਅੰਗਰੇਜ਼ੀ 'ਚ ਲਿਖੀ ਹੋਈ ਸੀ ਤੇ ਪਿੰਡ ਵਾਸੀਆਂ ਵੱਲੋਂ ਲਿਖੀ ਦਿਖਾਈ ਹੋਈ ਸੀ ਕਿ ਅਸੀਂ ਬਾਇਓ ਗੈਸ ਪਲਾਂਟ ਲਗਵਾਉਣਾ ਚਾਹੁੰਦੇ ਹਾਂ ਤੇ ਉਨ੍ਹਾਂ ਨੂੰ ਨਰੇਗਾ ਸੰਬੰਧੀ ਅਰਜ਼ੀ ਦੱਸ ਕੇ ਹਸਤਾਖਰ ਕਰਵਾ ਰਹੇ ਸੀ, ਪਰ ਲੋਕਾਂ ਨੇ ਫੜ ਲਏ।ਸੁਖਵਿੰਦਰ ਕੌਰ ਨੌਹਰਾ ਜਸਪ੍ਰੀਤ ਕੌਰ ਲੋਪੇ ਨੇ ਕਿਹਾ ਕਿ ਮਨਰੇਗਾ ਸਟਾਫ ਨੂੰ ਉੱਚ ਅਧਿਕਾਰੀਆਂ ਨੇ ਇਸੇ ਲਈ ਭੇਜਿਆ ਸੀ, ਕਿਉਂਕਿ ਇਹ ਇਸੇ ਤਰੀਕੇ ਦਾ ਗੈਰ-ਕਾਨੂੰਨੀ ਕੰਮ ਕਰਵਾਉਂਦੇ ਰਹਿੰਦੇ ਹਨ। ਧਾਂਦਲੀਆਂ ਕਰਨ ਲਈ ਜਾਂ ਕਾਨੂੰਨ ਲਾਗੂ ਕਰਨ ਦੀ ਮੰਗ ਕਰਨ ਵਾਲਿਆਂ ਖ਼ਿਲਾਫ਼ ਇਸੇ ਤਰੀਕੇ ਪ੍ਰਸ਼ਾਸਨ ਝੂਠ ਸੱਚ ਬੋਲ ਕੇ ਦਬਿਸ਼ ਦੇ ਕੇ ਅਰਜ਼ੀਆਂ ਲੈਂਦੇ ਹਨ।ਪਿੰਡ ਪਾਲੀਆ ਖੁਰਦ ਦੀ ਮੇਟ ਨੂੰ ਕਾਨੂੰਨ ਪੱਖੀ ਸਵਾਲ ਕਰਨ ਕਰਕੇ ਬਿਲਕੁਲ ਇਸੇ ਤਰੀਕੇ ਹਟਾਇਆ ਗਿਆ ਸੀ।ਕਕਰਾਲਾ ਪਿੰਡ ਵਿਖੇ ਪ੍ਰਸ਼ਾਸਨਕ ਹਰਕਤ ਦੀ ਨਿਖੇਧੀ ਕਰਦੇ ਹੋਏ ਆਈ ਡੀ ਪੀ ਦੇ ਆਗੂ ਕੁਲਵੰਤ ਸਿੰਘ ਬੂਹੀ ਨੇ ਕਿਹਾ ਕਿ ਹੜਤਾਲ ਸਿਰਫ ਲੋਕਾਂ ਦਾ ਕੰਮ ਬੰਦ ਕਰਨ ਲਈ ਹੈ, ਲੋਕ ਹੱਕਾਂ ਦੀ ਮਾਰ ਲਈ ਕੋਈ ਹੜਤਾਲ, ਕੋਈ ਛੁੱਟੀ ਨਹੀਂ।ਇਸ ਮੌਕੇ ਹੋਰਨਾਂ ਤੋਂ ਇਲਾਵਾ ਕਿਰਨਪਾਲ ਕੌਰ ਸੌਜਾ ਸੁਖਜੀਤ ਕੌਰ ਸੰਗਤਪੁਰਾ ਆਦਿ ਹਾਜ਼ਰ ਹੋਏ।

# ਲੰਬੀ 'ਚ 'ਖੇਡਾਂ ਵਤਨ ਪੰਜਾਬ ਦੀਆਂ' ਤਹਿਤ ਬਲਾਕ ਪੱਧਰੀ ਖੇਡਾਂ ਸ਼ੁਰੂ



**ਮਲੋਟ (ਗੁਰਮੀਤ ਸਿੰਘ ਮੱਕੜ)**

ਪੰਜਾਬ ਸਰਕਾਰ, ਖੇਡ ਵਿਭਾਗ ਪੰਜਾਬ ਤੇ ਜ਼ਿਲ੍ਹਾ ਪ੍ਰਸ਼ਾਸਨ ਸ੍ਰੀ ਮੁਕਤਸਰ ਸਾਹਿਬ ਦੇ ਸਹਿਯੋਗ ਨਾਲ 'ਖੇਡਾਂ ਵਤਨ ਪੰਜਾਬ ਦੀਆਂ 2024 ਸੀਜ਼ਨ-3' ਤਹਿਤ ਬਲਾਕ ਲੰਬੀ ਦੇ ਗੁਰੂ ਗੋਬਿੰਦ ਸਿੰਘ ਖੇਡ ਸਟੇਡੀਅਮ ਬਾਦਲ ਵਿਖੇ ਬਲਾਕ ਪੱਧਰੀ ਖੇਡ ਮੁਕਾਬਲੇ ਸ਼ੁਰੂ ਕਰਵਾਏ ਗਏ। ਇਸ ਮੌਕੇ ਜ਼ਿਲ੍ਹਾ ਖੇਡ ਅਫ਼ਸਰ ਸ੍ਰੀ ਮੁਕਤਸਰ ਸਾਹਿਬ ਸ੍ਰੀਮਤੀ ਅਨਿੰਦਰਵੀਰ ਕੌਰ ਦੱਸਿਆ ਕਿ ਬਲਾਕ ਲੰਬੀ ਵਿਖੇ ਪਹਿਲੇ ਦਿਨ ਅੰਡਰ-14, ਅੰਡਰ-17 ਤੇ ਅੰਡਰ-21 ਉਮਰ ਵਰਗ ਦੇ ਖਿਡਾਰੀ/ਖਿਡਾਰਨਾਂ ਨੇ ਭਾਗ ਲਿਆ। ਬਲਾਕ ਲੰਬੀ ਦੇ ਬਾਦਲ ਸਟੇਡੀਅਮ ਵਿਖੇ ਉੱਪ ਮੰਡਲ ਮੈਜਿਸਟ੍ਰੇਟ ਸੰਜੀਵ ਕੁਮਾਰ ਪੀ.ਸੀ.ਐੱਸ. ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਉਨ੍ਹਾਂ ਦੇ ਨਾਲ ਸ੍ਰੀਮਤੀ ਰਿਤੂ ਨੰਦਾ ਪ੍ਰਿੰਸੀਪਲ ਦਸ਼ਮੇਸ਼ ਕਾਲਜ, ਬਾਦਲ ਅਤੇ ਗੁਰਬਾਜ ਸਿੰਘ ਖੁੱਡੀਆਂ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਜ਼ਿਲ੍ਹਾ ਖੇਡ ਅਫਸਰ ਵੱਲੋਂ ਮੁੱਖ ਮਹਿਮਨ ਤੇ ਵਿਸ਼ੇਸ਼ ਮਹਿਮਾਨ ਦਾ ਇਸ ਪ੍ਰੋਗਰਾਮ ਵਿਚ ਪਹੁੰਚਣ 'ਤੇ ਸਵਾਗਤ ਕੀਤਾ ਗਿਆ ਅਤੇ ਜੀ ਆਇਆਂ ਆਖਿਆ। ਉਨ੍ਹਾਂ ਦੱਸਿਆ ਕਿ ਮੁੱਖ ਮਹਿਮਾਨ ਵੱਲੋਂ ਖੇਡਾਂ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ ਤੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕਰਦੇ ਹੋਏ ਟੀਮਾਂ ਨਾਲ ਜਾਣ ਪਹਿਚਾਣ ਕੀਤੀ। ਬਲਾਕ ਪੱਧਰੀ ਖੇਡਾਂ ਵਿੱਚ ਵਾਲੀਬਾਲ (ਸ਼ੂਟਿੰਗ/ਸਮੈਸ਼ਿੰਗ), ਖੋ-ਖੋ, ਕਬੱਡੀ (ਸਰਕਲ/ਨੈਸ਼ਨਲ), ਅਥਲੈਟਿਕਸ ਤੇ ਫੁੱਟਬਾਲ ਗੇਮ ਦੇ ਖੇਡ ਮੁਕਾਬਲੇ ਸ਼ੁਰੂ ਕਰਵਾਏ ਗਏ। ਇਨ੍ਹਾਂ ਖੇਡਾਂ ਦੇ ਨਤੀਜਿਆਂ ਦੀ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਅਥਲੈਟਿਕਸ ਗੇਮ ਵਿੱਚ ਅੰਡਰ-21 ਲੜਕੀਆਂ 100 ਮੀਟਰ ਈਵੇਂਟ ਵਿੱਚ ਕਵਿਤਾ ਦੇਵੀ ਸ.ਸ.ਸ.ਸ. ਮਹਿਮੂਦ ਖੇੜਾ ਨੇ ਪਹਿਲਾ ਤੇ ਕੰਚਨ ਬਿਸ਼ਨੋਈ ਸ.ਸ.ਸ.ਸ ਮਹਿਮੂਦਖੇੜਾ ਨੇ ਦੂਜਾ ਸਥਾਲ ਹਾਸਲ ਕੀਤਾ। ਅੰਡਰ-14 'ਚ 600 ਮੀਟਰ ਲੜਕਿਆਂ ਵਿੱਚ ਅਕਾਸ਼ਦੀਪ ਸਿੰਘ ਸ.ਸ.ਸ.ਸ ਮਹਿਮੂਦਖੇੜਾ ਨੇ ਪਹਿਲਾ, ਅਨਮੋਲ ਵਜਰਾਵਤ ਸ.ਸ.ਸ.ਸ ਭੀਟੀਵਾਲਾ ਨੇ ਦੂਜਾ ਤੇ ਬਿਕਰਮ ਸ.ਸ.ਸ.ਸ ਤਰਮਾਲਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਅੰਡਰ-17 ਉਮਰ ਵਰਗ 800 ਮੀਟਰ ਲੜਕੀਆਂ ਵਿੱਚ ਸੁਖਮਨ ਕੌਰ ਨੇ ਪਹਿਲਾ, ਅਰਪਨ ਕੌਰ ਨੇ ਦੂਜਾ ਤੇ ਸੰਜੂ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਖੇਡ ਵਿਭਾਗ ਦੇ ਸਮੂਹ ਕੋਚ, ਸਿੱਖਿਆ ਵਿਭਾਗ ਦੇ ਸਮੂਹ ਡੀ ਪੀ ਈ/ ਪੀ.ਟੀ.ਆਈ, ਸਿਹਤ ਵਿਭਾਗ ਦੀ ਟੀਮ, ਸਕਿਉਰਟੀ ਦੀ ਟੀਮ, ਪਿੰਡ ਪੰਚਾਇਤ ਮੈਂਬਰ ਤੇ ਹੋਰ ਕਈ ਪਤਵੰਤੇ ਸੱਜਣ ਹਾਜ਼ਰ ਸਨ।

# ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਮੋਟਰਸਾਈਕਲ ਰੈਲੀ ਅੱਜ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ (ਜੇਪੀਐੱਮਓ) ਫਿਰੋਜ਼ਪੁਰ ਵੱਲੋਂ ਵੱਧ ਰਹੀ ਮਹਿੰਗਾਈ, ਬੇਰੁਜ਼ਗਾਰੀ, ਵੱਧ ਰਹੀਆਂ ਲੁੱਟ-ਖੋਹ ਦੀਆਂ ਵਾਰਦਾਤਾਂ ਦੇ ਸਬੰਧ ਵਿੱਚ ਅੱਜ 5 ਸਤੰਬਰ ਨੂੰ ਮੋਟਰਸਾਈਕਲ ਰੈਲੀ ਕੱਢੀ ਜਾ ਰਹੀ ਹੈ।ਜੇਪੀਐੱਮਓ ਦੇ ਕੋਆਰਡੀਨੇਟਰ ਸੁਭਾਸ਼ ਸ਼ਰਮਾ, ਸੁਰਿੰਦਰ ਸਿੰਘ ਕਨਵੀਨ, ਕਿਸ਼ਨ ਚੰਦ ਜਾਗੋਵਾਲੀਆ ਕਨਵੀਨਰ, ਮਹਿੰਦਰ ਸਿੰਘ ਧਾਲੀਵਾਲ ਕੈਸ਼ੀਅਰ, ਰਜੀਵ ਹਾਂਡਾ ਸਲਾਹਕਾਰ ਨੇ ਦੱਸਿਆ ਕਿ ਕੇਂਦਰ ਦੇ ਰਾਜ ਸਰਕਾਰ ਵੱਲੋਂ ਲਾਏ ਦੂਹਰੇ ਟੈਕਸਾਂ ਕਾਰਨ ਮਹਿੰਗਾਈ ਦਿਨੋ-ਦਿਨ ਵੱਧ ਰਹੀ ਹੈ ਸਰਕਾਰ ਵੱਲੋਂ ਰੁਜ਼ਗਾਰ ਦੇ ਨਵੇਂ ਵਸੀਲੇ ਪੈਦਾ ਨਹੀਂ ਕੀਤੇ ਜਾ ਰਹੇ, ਜਿਸ ਕਾਰਨ ਨੌਜਵਾਨ ਨੂੰ ਰੁਜ਼ਗਾਰ ਨਹੀਂ ਮਿਲ ਰਿਹਾ ਨੌਜਵਾਨ ਦਰ-ਦਰ ਦੀਆਂ ਠੋਕਰਾਂ ਖਾ ਰਹੇ ਹਨ, ਨਿੱਜੀ ਕਰਨ ਦੀਆਂ ਨੀਤੀਆਂ ਕਾਰਨ ਰੁਜ਼ਗਾਰ ਦੇ ਵਸੀਲੇ ਘੱਟ ਰਹੇ ਹਨ, ਲੁੱਟਾਂ ਖੋਹਾਂ ਕਰਨ ਹਰ ਨਾਗਰਿਕ ਖੌਫ ਦਾ ਜੀਵਨ ਜੀ ਰਿਹਾ ਹੈ।ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ 5 ਸਤੰਬਰ ਨੂੰ ਨਾਰਦਰਨ ਰੇਲਵੇ ਮੈਨਜ ਯੂਨੀਅਨ ਦਫਤਰ ਫਿਰੋਜ਼ਪੁਰ ਵਿਖੇ ਇਕੱਤਰ ਹੋ ਕੇ 11 ਵਜੇ ਵਿਸ਼ਾਲ ਮੋਟਰਸਾਈਕਲ ਰੈਲੀ ਕੱਢੀ ਜਾ ਰਹੀ ਹੈ।ਮੋਟਰਸਾਈਕਲ ਰੈਲੀ ਕਰਨ ਉਪਰੰਤ ਐੱਮਐੱਲਏ ਫਿਰੋਜ਼ਪੁਰ ਸ਼ਹਿਰੀ ਤੇ ਦਿਹਾਤੀ ਨੂੰ ਮੁੱਖ ਮੰਤਰੀ ਦੇ ਨਾਂ ਮੰਗ ਪੱਤਰ ਸੌਂਪੇ ਜਾਣਗੇ। ਆਗੂਆਂ ਨੇ ਸਮੂਹ ਜਥੇਬੰਦੀਆਂ ਨੂੰ ਮੋਟਰਸਾਈਕਲ ਰੈਲੀ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ।ਇਸ ਸਮੇਂ ਪ੍ਰਵੀਨ ਕੁਮਾਰ, ਰਮੇਸ਼ ਠਾਕੁਰ, ਆਰਸੀ ਮਹਿਤਾ, ਪ੍ਰਦੀਪ ਧਵਨ, ਰਮੇਸ਼ ਭੱਟੀ, ਪ੍ਰਤਾਪ ਸਿੰਘ ਢਿੱਲੋਂ, ਪ੍ਰਮੋਦ ਗੋਗਾ, ਜੋਗਾ ਸਿੰਘ, ਪਾਲਾ ਸਿੰਘ, ਦੇਸ਼ ਰਾਜ, ਜਗਦੀਪ ਮਾਂਗਟ, ਬਲਬੀਰ ਸਿੰਘ ਗੋਖੀਵਾਲਾ, ਬਲਬੀਰ ਸਿੰਘ ਕੰਬੋਜ, ਤਰਸੇਮ ਬੇਦੀ, ਰਮੇਸ਼ ਸ਼ਰਮਾ, ਜਗਜੀਤ ਸਿੰਘ ਤੇ ਰਾਜਬੀਰ ਸਿੰਘ ਆਦਿ ਆਗੂ ਹਾਜ਼ਰ ਸਨ।

# ਵਾਰਡ 9 ਦੀਆਂ ਮੰਗਾਂ ਨੂੰ ਲੈ ਕੇ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਖੂਬ ਵਾਇਰਲ

**ਸੁਨਾਮ ਉਧਮ ਸਿੰਘ ਵਾਲਾ (ਅਸ਼ੋਕ ਬਾਂਸਲ)**-ਸਥਾਨਕ ਸ਼ਹਿਰ ਦੀ ਗੁਰੂ ਅਰਜਨ ਦੇਵ ਕਲੌਨੀ ਦੇ ਵਸਨੀਕ ਵੱਲੋਂ ਇੱਕ ਸੋਸ਼ਲ ਮੀਡੀਆ 'ਤੇ ਪਾਈ ਗਈ ਵੀਡੀਓ ਖੂਬ ਵਾਇਰਲ ਹੋ ਰਹੀ ਹੈ।ਵੀਡੀਓ ਵਿੱਚ ਕਲੌਨੀ ਵਾਸੀ ਵੱਲੋਂ ਕਲੌਨੀ ਦੇ ਹਾਲਾਤ ਦੱਸੇ ਜਾ ਰਹੇ ਹਨ ਕਿ ਉਹ ਕਿਸ ਤਰ੍ਹਾਂ ਦੀ ਜ਼ਿੰਦਗੀ ਜੀ ਰਹੇ ਹਨ।ਕਲੌਨੀ ਦੇ ਰਹਿਣ ਵਾਲੇ ਬਿਕਰਮ ਪਾਲ ਬਾਂਸਲ ਨੇ ਦੱਸਿਆ ਕਿ ਉਨ੍ਹਾਂ ਦੀ ਕਲੌਨੀ ਵਿੱਚ ਪਿਛਲੇ ਤਕਰੀਬਨ ਚਾਰ-ਪੰਜ ਮਹੀਨੇ ਪਹਿਲਾਂ ਸੀਵਰੇਜ ਪਿਆ ਸੀ, ਪਰ ਉਸ ਤੋਂ ਬਾਅਦ ਕਲੌਨੀ ਦੀ ਸੜਕ ਦਾ ਬੁਰਾ ਹਾਲ ਹੋ ਗਿਆ।ਬਾਰਿਸ਼ ਤੋਂ ਬਾਅਦ ਉੱਥੇ ਚਿੱਕੜ ਹੀ ਚਿੱਕੜ ਹੋ ਜਾਂਦਾ ਹੈ।ਉਨ੍ਹਾਂ ਦੱਸਿਆ ਕਿ ਬੀਤੇ ਕੱਲ੍ਹ ਉਨ੍ਹਾਂ ਦੀ ਆਪ ਦੀ ਬੇਟੀ ਵੀ ਚਿੱਕੜ ਵਿੱਚ ਤਿਲਕ ਗਈ ਅਤੇ ਉਸ ਦੇ ਵੀ ਸੱਟਾਂ ਲੱਗੀਆਂ।ਉਨ੍ਹਾਂ ਕਿਹਾ ਕਿ ਇਸ ਸਬੰਧੀ ਕਲੌਨੀ ਦੇ ਸਬੰਧਤ ਵਾਰਡ ਦੇ ਐੱਮ ਸੀ ਆਸ਼ਾ ਬਜਾਜ ਨੂੰ ਵੀ ਮਿਲੇ ਹਨ, ਪ੍ਰੰਤੂ ਉਨ੍ਹਾਂ ਵੱਲੋਂ ਭਰੋਸਾ ਤਾਂ ਦੇ ਦਿੱਤਾ ਜਾਂਦਾ, ਪ੍ਰੰਤੂ ਕੋਈ ਠੋਸ ਹੱਲ ਨਹੀਂ ਕੀਤਾ ਜਾਂਦਾ।ਉਨ੍ਹਾਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕੈਬਨਿਟ ਮੰਤਰੀ ਅਮਨ ਅਰੋੜਾ ਖੁਦ ਵੀ ਇਸੀ ਵਾਰਡ ਦੇ ਵਸਨੀਕ ਹਨ।ਉਨ੍ਹਾਂ ਪ੍ਰਸ਼ਾਸਨ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਬੇਨਤੀ ਕੀਤੀ ਕਿ ਜਲਦੀ ਇਸ ਮਸਲੇ ਦਾ ਕੋਈ ਠੋਸ ਹੱਲ ਕੀਤਾ ਜਾਵੇ, ਤਾਂ ਜੋ ਕਲੌਨੀ ਦੇ ਵਸਨੀਕ ਚੈਨ ਦੀ ਜ਼ਿੰਦਗੀ ਜੀ ਸਕਣ ਤੇ ਗੰਭੀਰ ਬਿਮਾਰੀਆਂ ਤੋਂ ਬਚਿਆ ਜਾ ਸਕੇ।ਇਸ ਸਬੰਧੀ ਜਦੋਂ ਵਾਰਡ ਦੇ ਐੱਮ ਸੀ ਆਸ਼ਾ ਬਜਾਜ ਨਾਲ ਗੱਲ ਕੀਤੀ ਤਾਂ ਉਨ੍ਹਾ ਦੱਸਿਆ ਕਿ ਪਿਛਲੇ ਤਕਰੀਬਨ 1-2 ਮਹੀਨੇ ਪਹਿਲਾਂ ਹੀ ਕਲੌਨੀ ਵਿੱਚ ਸੀਵਰੇਜ ਪਿਆ ਹੈ ਤੇ ਬਾਕੀ ਵਾਟਰ ਸਪਲਾਈ ਤੇ ਸੜਕਾਂ ਦਾ ਕੰਮ ਪ੍ਰੋਸੈੱਸ ਵਿੱਚ ਹੈ।ਕਲੌਨੀ ਵਾਸੀਆਂ ਨੂੰ ਕੁਝ ਦਸਤਾਵੇਜ਼ ਪੂਰੇ ਕਰਨ ਲਈ ਕਿਹਾ ਗਿਆ ਹੈ ਤੇ ਜਲਦ ਹੀ ਇਸ ਕਲੌਨੀ ਦੇ ਮਸਲੇ ਦਾ ਹੱਲ ਕਰ ਦਿੱਤਾ ਜਾਵੇਗਾ।

- ਕੈਬਨਿਟ ਮੰਤਰੀ ਅਮਨ ਅਰੋੜਾ ਵੀ ਹਨ ਇਸੀ ਵਾਰਡ ਦੇ ਵਸਨੀਕ
- ਜਲਦ ਹੀ ਕਲੌਨੀ ਦੇ ਵਾਰਡ ਦਾ ਕੰਮ ਸ਼ੁਰੂ ਹੋ ਜਾਵੇਗਾ : ਕੌਂਸਲਰ ਆਸ਼ਾ ਬਜਾਜ

# ਮਾਮਲਾ ਮ੍ਰਿਤਕ ਦੇ ਪਰਵਾਰ ਨੂੰ ਨੌਕਰੀ ਨਾ ਦੇਣ ਦਾ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਧਰਨੇ ਦਾ ਐਲਾਨ



**ਸ੍ਰੀ ਮੁਕਤਸਰ ਸਾਹਿਬ (ਸਮਿੰਦਰ ਪਾਲ, ਪੂਜਾ, ਪਰਮਜੀਤ ਸਿੰਘ/ਚਾਵਲਾ)**-ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਮਲੋਟ ਅਧੀਨ ਕੰਮ ਕਰਦੇ ਇਕ ਠੇਕਾ ਅਧਾਰਤ ਮੁਲਾਜ਼ਮ ਸੁਰਿੰਦਰ ਕੁਮਾਰ ਦੀ ਮੌਤ ਨੂੰ ਤਕਰੀਬਨ ਇੱਕ ਸਾਲ ਬੀਤ ਜਾਣ ਦੇ ਬਾਵਜੂਦ ਉਸ ਦੇ ਪਰਵਾਰ ਨੂੰ ਤਰਸ ਅਧਾਰਤ ਨੌਕਰੀ ਨਹੀਂ ਦਿੱਤੀ ਜਾ ਰਹੀ ਅਤੇ ਪਰਵਾਰ ਦਾ ਗੁਜ਼ਾਰਾ ਬਹੁਤ ਮੁਸ਼ਕਲ ਨਾਲ ਚੱਲ ਰਿਹਾ ਹੈ, ਜਿਸ ਦੇ ਵਿਰੋਧ ਵਿੱਚ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ 12 ਸਤੰਬਰ ਨੂੰ ਧਰਨਾ ਦਿੱਤਾ ਜਾਵੇਗਾ।ਇਸ ਮੌਕੇ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਆਗੂਆਂ ਜਗਰੂਪ ਸਿੰਘ ਲਹਿਰਾ, ਗੁਰਵਿੰਦਰ ਸਿੰਘ ਪੰਨੂੰ, ਬਲਜੀਤ ਸਿੰਘ ਭੱਟੀ, ਕੇਸਰ ਸਿੰਘ, ਵਰਿੰਦਰ ਪਾਲ ਸਿੰਘ, ਖੁਸ਼ਦੀਪ ਸਿੰਘ, ਸੁਰਜੀਤ ਸਿੰਘ ਤੱਖੀ ਤੇ ਬਿਕਰਮਜੀਤ ਸਿੰਘ ਕਪੂਰ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਮਲੋਟ ਅਧੀਨ ਕੰਮ ਕਰਦੇ ਇਕ ਠੇਕਾ ਅਧਾਰਤ ਮੁਲਾਜ਼ਮ ਸੁਰਿੰਦਰ ਕੁਮਾਰ ਦੀ ਮੌਤ ਨੂੰ ਤਕਰੀਬਨ ਇੱਕ ਸਾਲ ਬੀਤ ਜਾਣ ਦੇ ਬਾਵਜੂਦ ਉਸ ਨੂੰ ਨੌਕਰੀ ਨਹੀਂ ਦਿੱਤੀ ਗਈ, ਸਗੋਂ ਮਲੋਟ ਦੇ ਕਾਰਜਕਾਰੀ ਇੰਜੀਨੀਅਰ ਵੱਲੋਂ ਬਹਾਨੇ ਬਣਾ ਕੇ ਸਮਾਂ ਲੰਘਾਇਆ ਜਾ ਰਿਹਾ ਹੈ, ਜਿਸ ਕਰਕੇ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਕਈ ਵਾਰ ਕਾਰਜਕਾਰੀ ਇੰਜੀਨੀਅਰ ਮਲੋਟ ਨਾਲ ਮੀਟਿੰਗ ਕੀਤੀ ਗਈ ਤੇ ਪਰਵਾਰ ਨੂੰ ਨੌਕਰੀ ਦੇਣ ਬਾਰੇ ਕਿਹਾ ਗਿਆ ਅਤੇ ਹਰ ਵਾਰ ਕਾਰਜਕਾਰੀ ਅਧਿਕਾਰੀ ਵੱਲੋਂ ਜਲਦੀ ਹੀ ਕੇਸ ਕਲੀਅਰ ਕਰਨ ਦਾ ਭਰੋਸਾ ਦਿੱਤਾ ਗਿਆ, ਪਰ ਇੱਕ ਸਾਲ ਬੀਤ ਜਾਣ ਦੇ ਬਾਵਜੂਦ ਨੌਕਰੀ ਨਹੀਂ ਦਿੱਤੀ ਜਾ ਰਹੀ, ਸਗੋਂ ਝੂਠੇ ਲਾਰੇ ਲਾ ਕੇ ਸਮਾਂ ਲੰਘਾਇਆ ਜਾ ਰਿਹਾ ਹੈ, ਜਿਸ ਦੇ ਵਿਰੋਧ ਵਿੱਚ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਪਹਿਲਾਂ ਵੀ ਕਈ ਵਾਰ ਕਾਰਜਕਾਰੀ ਅਧਿਕਾਰੀ ਖਿਲਾਫ ਧਰਨਾ ਦਿੱਤਾ ਗਿਆ ਸੀ, ਪਰ ਵਿਭਾਗ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ ਅਤੇ ਜਦੋਂ 22 ਅਗਸਤ ਨੂੰ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਵੱਡੇ ਪੱਧਰ 'ਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਸ੍ਰੀ ਮੁਕਤਸਰ ਸਾਹਿਬ ਧਰਨਾ ਦਿੱਤਾ ਗਿਆ ਸੀ ਤਾਂ ਇੱਥੇ ਦੇ ਹਲਕਾ ਸ੍ਰੀ ਮੁਕਤਸਰ ਸਾਹਿਬ ਦੇ ਨਿਗਰਾਨ ਇੰਜੀਨੀਅਰ ਵੱਲੋਂ ਇਕ ਹਫਤੇ ਦੇ ਅੰਦਰ ਕੇਸ ਦਾ ਹੱਲ ਕਰਨ ਦਾ ਭਰੋਸਾ ਦਿੱਤਾ ਸੀ, ਪ੍ਰੰਤੂ ਇਕ ਹਫਤਾ ਬਤੀਤ ਜਾਣ ਦੇ ਬਾਅਦ ਜਦੋਂ ਮੋਰਚੇ ਦੇ ਆਗੂ ਦੁਬਾਰਾ ਨਿਗਰਾਨ ਇੰਜੀਨੀਅਰ ਦੇ ਦਫ਼ਤਰ ਗਏ ਤਾਂ ਉਨ੍ਹਾਂ ਦੇ ਸੁਪਰਡੈਂਟ ਸਾਹਿਬ ਵੱਲੋਂ ਦੱਸਿਆ ਗਿਆ ਕਿ ਕਾਰਜਕਾਰੀ ਇੰਜੀਨੀਅਰ ਮਲੋਟ ਦੀ ਬਦਲੀ ਹੋ ਗਈ ਹੈ ਤੇ ਨਵੇਂ ਕਾਰਜਕਾਰੀ ਇੰਜੀਨੀਅਰ ਆ ਗਏ ਹਨ ਅਤੇ ਜਲਦੀ ਹੀ ਕੇਸ ਕਲੀਅਰ ਕਰ ਦਿੱਤਾ ਜਾਵੇਗਾ।ਇਸ ਮੌਕੇ ਆਗੂਆਂ ਵੱਲੋਂ ਐਲਾਨ ਕੀਤਾ ਗਿਆ ਕਿ ਜੇਕਰ 12 ਸਤੰਬਰ ਤੱਕ ਪਰਵਾਰ ਨੂੰ ਨੌਕਰੀ ਨਹੀਂ ਦਿੱਤੀ ਜਾਂਦੀ ਤਾਂ ਮੋਰਚੇ ਵੱਲੋਂ ਵੱਡੇ ਪੱਧਰ 'ਤੇ ਧਰਨਾ ਦਿੱਤਾ ਜਾਵੇਗਾ।

# ਸਰਕਾਰ ਜੀ, ਸਾਨੂੰ ਡਾਕਟਰ ਦੀ ਨਹੀਂ, ਬਲਕਿ ਹਸਪਤਾਲ ਦੀ ਲੋੜ ਹੈ !

## ਇਤਿਹਾਸਕ ਨਗਰੀ ਜੈਤੋ ਹਸਪਤਾਲ ਤੋਂ ਵਾਂਝੀ

**ਜੈਤੋ (ਸਤੀਸ਼ ਕੁਮਾਰ ਭੀਰੀ)**-ਬੇਸ਼ੱਕ ਮਾਣ ਹੈ ਸਾਨੂੰ ਕਿ ਸਾਡੇ ਨਗਰ ਨੂੰ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਚਰਨਾਂ ਦੀ ਛੋਹ ਪ੍ਰਾਪਤ ਹੈ ਤੇ ਇਸ ਦੇ ਨਾਲ ਹੀ ਦੇਸ਼ ਦੀ ਆਜ਼ਾਦੀ ਲਈ ਲਾਏ ਗਏ 'ਜੈਤੋ ਦਾ ਮੋਰਚਾ' ਦੌਰਾਨ ਸ਼ਹੀਦੀਆਂ ਦੇਣ ਕਰਕੇ ਭਾਰਤੀ ਇਤਿਹਾਸ ਵਿੱਚ ਇੱਕ ਨਿਵੇਕਲਾ ਸਥਾਨ ਵੀ ਇਤਿਹਾਸ ਦੇ ਪੰਨਿਆਂ ਵਿੱਚ ਸੁਸ਼ੋਭਤ ਹੈ।ਪ੍ਰੰਤੂ ਆਪਣੇ ਇਸ ਮਾਣਮੱਤੇ ਇਤਿਹਾਸ ਦੌਰਾਨ ਵੀ ਸਾਡੀ ਜੈਤੋ ਨਗਰੀ ਰਾਜਨੀਤਕ ਪਾਰਟੀਆਂ ਦੇ ਨਿਰਮੋਹੀ ਆਗੂਆਂ ਦੀ ਬੇਰੁਖੀ ਦਾ ਲਗਾਤਾਰ ਸ਼ਿਕਾਰ ਹੋ ਰਹੀ ਹੈ।ਇੱਥੇ ਦੱਸਣਯੋਗ ਹੈ ਕਿ ਸੰਵਿਧਾਨ ਵਿੱਚ ਦਰਜ ਮੁਢਲੀਆਂ ਸਹੂਲਤਾਂ ਵਿੱਚੋਂ ਅਹਿਮ ਸਿਹਤ ਸਹੂਲਤਾਂ ਤੋਂ ਵੀ ਜੈਤੋ ਦੇ ਵਸ਼ਿੰਦੇ ਪਿਛਲੇ ਅਨੇਕਾਂ ਸਾਲਾਂ ਤੋਂ ਸੱਖਣੇ ਹਨ।ਜੇਕਰ ਗੱਲ ਕਰੀਏ ਲੋਕਾਂ ਦੇ ਦਿਲਾਂ ਦੀ ਅਤੇ ਉਨ੍ਹਾਂ ਦੇ ਵਿਸ਼ਵਾਸ ਦੀ ਤਾਂ ਇਹ ਕਿ ਲੋਕ ਅਕਸਰ ਹੀ ਕਹਿੰਦੇ ਹੁੰਦੇ ਸਨ ਕਿ ਜਿਸ ਵੀ ਪਾਰਟੀ ਦੀ ਸਰਕਾਰ ਸੱਤਾ ਵਿੱਚ ਆਵੇ ਤਾਂ ਉਸ ਹੀ ਪਾਰਟੀ ਦਾ ਐੱਮ ਐੱਲ ਏ ਜੈਤੋ ਹਲਕੇ ਤੋਂ ਜਿੱਤਣਾ ਚਾਹੀਦਾ ਹੈ ਤਾਂ ਕਿ ਜੈਤੋ ਏਰੀਏ ਦੇ ਵਿਕਾਸ ਕੰਮਾਂ ਵਿੱਚ ਕਿਸੇ ਕਿਸਮ ਦੀ ਖੜੋਤ ਪੈਦਾ ਨਾ ਹੋ ਸਕੇ। ਦੱਸਿਆ ਜਾਵੇ ਤਾਂ ਹੁਣ ਪੰਜਾਬ ਵਿੱਚ ਸਰਕਾਰ ਵੀ ਆਮ ਆਦਮੀ ਪਾਰਟੀ ਦੀ ਹੈ ਤੇ ਜੈਤੋ ਤੋਂ ਵਿਧਾਇਕ ਵੀ ਆਮ ਆਦਮੀ ਪਾਰਟੀ ਦਾ ਹੀ ਹੈ।ਇਲਾਕਾ ਨਿਵਾਸੀਆਂ ਨੂੰ ਬਦਲਾਅ ਦਾ ਨਾਅਰਾ ਲਾ ਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਤੋਂ ਉਨ੍ਹਾਂ ਦੀਆਂ ਆਸਾਂ ਪੂਰੀਆਂ ਕਰਨ ਲਈ ਨੌਜਵਾਨ ਐੱਮ ਐੱਲ ਏ ਅਮੋਲਕ ਸਿੰਘ ਵੱਲ ਟਿਕਟਿਕੀ ਲਾਈ ਹੋਈ ਹੈ।ਕਿੰਨੀ ਹੈਰਾਨੀ ਤੇ ਸ਼ਰਮਿੰਦਗੀ ਦੀ ਗੱਲ ਹੈ ਕਿ ਜੈਤੋ ਨਗਰੀ ਕੋਲ ਸਬ-ਡਵੀਜ਼ਨ ਦਾ ਦਰਜਾ ਹੋਣ ਦੇ ਬਾਵਜੂਦ ਸਬ ਡਵੀਜ਼ਨਲ ਹਸਪਤਾਲ ਤਾਂ ਕੀ ਬਲਕਿ ਇੱਕ ਛੋਟਾ ਜਿਹਾ ਸਿਵਲ ਹਸਪਤਾਲ ਵੀ ਨਹੀਂ ਹੈ, ਜਦਕਿ ਜੈਤੋ ਸਬ ਡਵੀਜ਼ਨ ਵਿਖੇ ਡੀ ਐੱਸ ਪੀ ਬਿਰਾਜ਼ਮਾਨ ਹੈ, ਸਬ ਡਵੀਜ਼ਨਲ ਮੈਜਿਸਟ੍ਰੇਟ (ਐੱਸ ਡੀ ਐੱਮ) ਬਿਰਾਜ਼ਮਾਨ ਹੈ, ਇਸ ਦੇ ਨਾਲ ਹੀ ਸਬ-ਡਵੀਜ਼ਨਲ ਜੁਡੀਸ਼ੀਅਲ ਮੈਜਿਸਟ੍ਰੇਟ ਵੀ ਬਿਰਾਜ਼ਮਾਨ ਹੈ, ਪ੍ਰੰਤੂ ਹਨੇਰ ਸਾਈਂ ਦਾ ਕਿ ਇਤਿਹਾਸਕ ਨਗਰੀ ਦੇ ਲੋਕਾਂ ਨੂੰ ਸਬ ਡਵੀਜ਼ਨਲ ਹਸਪਤਾਲ ਦੀ ਥਾਂ ਸਿਰਫ਼ ਇੱਕ ਛੋਟੇ ਜਿਹੇ ਕਮਿਊਨਿਟੀ ਹੈਲਥ ਸੈਂਟਰ 'ਤੇ ਹੀ ਨਿਰਭਰ ਹੋਣਾ ਪੈ ਰਿਹਾ ਹੈ।

ਜੈਤੋ ਤੇ ਇਸ ਦੇ ਨਾਲ ਲੱਗਦੇ ਪਿੰਡਾਂ ਦੇ ਲੋਕਾਂ ਨੂੰ ਇਲਾਜ ਲਈ ਕੋਟਕਪੂਰਾ, ਫਰੀਦਕੋਟ ਤੇ ਬਠਿੰਡਾ ਵਿਖੇ ਜਾਣਾ ਪੈਂਦਾ ਹੈ, ਜਿਸ ਨਾਲ ਨਾ ਕੇਵਲ ਉਨ੍ਹਾਂ ਨੂੰ ਆਰਥਿਕ ਤੇ ਮਾਨਸਿਕ ਪ੍ਰੇਸ਼ਾਨੀ ਹੁੰਦੀ ਹੈ, ਬਲਕਿ ਸਾਰੀ ਦਿਹਾੜੀ ਹੀ ਖੱਜਲ ਖੁਆਰ ਵੀ ਹੋਣਾ ਪੈਂਦਾ ਹੈ।ਇਤਿਹਾਸਕ ਨਗਰੀ ਦੇ ਲੋਕਾਂ ਨੇ ਪੰਜਾਬ ਸਰਕਾਰ ਨੂੰ ਬੇਨਤੀ ਕਰਦੇ ਹੋਏ ਕਿਹਾ ਹੈ ਕਿ ਸਰਕਾਰ ਜੀ, ਸਾਨੂੰ ਡਾਕਟਰ ਦੀ ਨਹੀਂ ਪਹਿਲਾਂ ਹਸਪਤਾਲ ਦੀ ਲੋੜ ਹੈ, ਜੇਕਰ ਸਾਡੇ ਕੋਲ ਹਸਪਤਾਲ ਹੋਵੇਗਾ ਤਾਂ ਜ਼ਰੂਰਤ ਤੇ ਪੋਸਟਾਂ ਅਨੁਸਾਰ ਡਾਕਟਰ ਆਪਣੇ ਆਪ ਹੀ ਆਉਣਗੇ।

# ਪੰਜਾਬ ਸਰਕਾਰ ਕਰ ਰਹੀ ਹੈ ਕਿਸਾਨਾਂ ਦੇ ਮੁੱਦਿਆਂ ਨੂੰ ਟਾਲ-ਮਟੋਲ : ਦੌਲਤਪੁਰਾ



ਪੱਤਰਕਾਰਾਂ ਨਾਲ ਗੱਲਬਾਤ ਕਰਦੇ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ।

**ਮੋਗਾ (ਇਕਬਾਲ ਸਿੰਘ ਖਹਿਰਾ)**

ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜ਼ਿਲ੍ਹਾ ਦਫਤਰ ਵਿਖੇ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ ਦੀ ਅਗਵਾਈ ਹੇਠ ਯੂਨੀਅਨ ਦੇ ਆਗੂਆਂ ਸੂਬਾ ਮੀਤ ਪ੍ਰਧਾਨ ਗੁਲਜ਼ਾਰ ਸਿੰਘ ਘੱਲ ਕਲਾਂ, ਅਗਜ਼ੈਕਟਿਵ ਮੈਂਬਰ ਪੰਜਾਬ ਮੰਦਰਜੀਤ ਸਿੰਘ ਮਨਾਵਾਂ, ਜ਼ਿਲ੍ਹਾ ਮੀਤ ਪ੍ਰਧਾਨ ਗੁਰਮੇਲ ਸਿੰਘ ਡਰੋਲੀ ਭਾਈ, ਜ਼ਿਲ੍ਹਾ ਮੀਤ ਜਗਸੀਰ ਸਿੰਘ ਜੱਗੀ ਬਾਘਾ ਪੁਰਾਣਾ, ਬਲਾਕ ਮੀਤ ਲਖਵਿੰਦਰ ਸਿੰਘ ਰੌਲੀ, ਇਕਾਈ ਜਨਰਲ ਸਕੱਤਰ ਲਖਵੀਰ ਸਿੰਘ ਸਾਬਕਾ ਸਰਪੰਚ ਸੰਧੂਆਣਾ, ਬਲਕਰਨ ਸਿੰਘ ਢਿੱਲੋਂ ਮੀਡੀਆ ਇੰਚਾਰਜ ਤੇ ਸੁਖਦੇਵ ਸਿੰਘ ਫੌਜੀ ਨੇ ਵਿਚਾਰਾਂ ਕੀਤੀਆਂ। ਉਨ੍ਹਾਂ ਇੱਕ ਸੁਰ ਵਿੱਚ ਕਿਹਾ ਕਿ ਪਹਿਲਾਂ ਤਾਂ ਕੇਂਦਰ ਦੀ ਸਰਕਾਰ ਕਿਸਾਨਾਂ ਨੂੰ ਟਾਲ ਮਟੋਲ ਕਰ ਆਪਣੇ ਕੀਤੇ ਹੋਏ ਐੱਮ ਐੱਸ ਪੀ ਦੇ ਵਾਅਦਿਆਂ ਤੋਂ ਮੁੱਕਰ ਗਈ, ਹੁਣ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਕੇਂਦਰ ਸਰਕਾਰ ਦੇ ਪੈਰਾਂ ਉੱਪਰ ਪੈਰ ਰੱਖਦੀ ਹੋਈ ਕਿਸਾਨਾਂ ਨਾਲ ਕੋਝੇ ਮਜ਼ਾਕ ਕਰਦੀ ਹੋਈ ਚੋਣਾਂ ਵੇਲੇ ਕੀਤੇ ਹੋਏ ਵਾਅਦਿਆਂ ਅਨੁਸਾਰ ਪੰਜਾਬ ਦੀਆਂ ਰਵਾਇਤੀ ਫਸਲਾਂ ਉਪਰ ਐੱਮ ਐੱਸ ਪੀ ਦੇਣ ਤੋਂ ਕਿਨਾਰਾ ਕਰ ਰਹੀ ਹੈ। ਪੰਜਾਬ ਦੇ ਮੁੱਖ ਮੰਤਰੀ ਕਿਸਾਨਾਂ ਨਾਲ ਮੀਟਿੰਗਾਂ ਦੌਰਾਨ ਭਰੋਸੇ ਦੇ ਕੇ ਮੁੱਕਰ ਰਿਹਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦਾ ਕਿਸਾਨ ਇਹੋ ਜਿਹੇ ਟਾਲ ਮਟੋਲ ਦੇ ਰਵੱਈਏ ਨੂੰ ਕਦੇ ਬਰਦਾਸ਼ਤ ਨਹੀਂ ਕਰੇਗਾ, ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਦੇ ਟਾਲਮਟੋਲ ਵਾਲੇ ਰਵੱਈਏ ਦੇ ਵਿਰੋਧ ਵਿੱਚ ਜ਼ੋਰਦਾਰ ਪ੍ਰਦਰਸ਼ਨ ਕਰੇਗੀ। ਜੇ ਸਰਕਾਰ ਕਿਸਾਨਾਂ ਦੇ ਮੁੱਦਿਆਂ ਉੱਪਰ ਸੰਜੀਦਾ ਨਹੀਂ ਹੁੰਦੀ ਤਾਂ ਹੋਰ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ। ਇਸ ਸਮੇਂ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ ਨੇ ਸਮੂਹ ਜ਼ਿਲ੍ਹੇ ਦੇ ਕਿਸਾਨ ਆਗੂਆਂ ਦਾ 2 ਸਤੰਬਰ ਨੂੰ ਚੰਡੀਗੜ੍ਹ ਵਾਲੇ ਮੋਰਚੇ ਨੂੰ ਸਫਲ ਬਣਾਉਣ ਲਈ ਧੰਨਵਾਦ ਕੀਤਾ।

# ਵਿਧਾਇਕ ਬੁੱਧ ਰਾਮ ਵੱਲੋਂ ਵਿਧਾਨ ਸਭਾ ਸੈਸ਼ਨ 'ਚ ਅਣਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਦਾ ਮਸਲਾ ਉਠਾਉਣਾ ਸ਼ਲਾਘਾਯੋਗ ਕਦਮ : ਗੋਇਲ



ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਵਿਧਾਨ ਸਭਾ ਸੈਸ਼ਨ ਦੌਰਾਨ ਅਣਰਜਿਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਟ੍ਰੇਨਿੰਗ ਦੇ ਕੇ ਕਾਨੂੰਨੀ ਮਾਨਤਾ ਦੇਣ ਦੀ ਸਿਫਾਰਸ਼ ਕਰਦੇ ਹੋਏ।

**ਮੋਗਾ (ਇਕਬਾਲ ਸਿੰਘ ਖਹਿਰਾ)**

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ. 295 ਸੂਬਾ ਪ੍ਰਧਾਨ ਧੰਨਾ ਮੱਲ ਗੋਇਲ, ਸੂਬਾ ਸਕੱਤਰ ਗੁਰਮੇਲ ਸਿੰਘ ਮਾਛੀਕੇ, ਸੂਬਾ ਸਰਪ੍ਰਸਤ ਸੁਰਜੀਤ ਸਿੰਘ ਲੁਧਿਆਣਾ, ਚੇਅਰਮੈਨ ਐੱਚ ਐੱਸ ਰਾਣੂ ਵੱਲੋਂ ਜ਼ਿਲ੍ਹਾ ਕਮੇਟੀ ਮਾਨਸਾ ਦੇ ਪ੍ਰਧਾਨ ਸੱਤਪਾਲ ਰਿਸ਼ੀ ਤੇ ਸਮੁੱਚੀ ਜ਼ਿਲ੍ਹਾ ਕਮੇਟੀ ਅਤੇ ਬਲਾਕ ਬੁਢਲਾਡਾ ਦੇ ਯਤਨਾਂ ਸਦਕਾ ਹਲਕਾ ਬੁਢਲਾਡਾ ਦੇ ਵਿਧਾਇਕ ਤੇ ਆਪ ਦੇ ਕਾਰਜਕਾਰੀ ਸੂਬਾ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ ਵੱਲੋਂ ਵਿਧਾਨ ਸਭਾ ਸੈਸ਼ਨ ਦੌਰਾਨ ਅਣਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਦੀਆਂ ਸੇਵਾਵਾਂ ਦੀ ਸ਼ਲਾਘਾ ਕਰਦੇ ਹੋਏ ਸਿਫਾਰਸ਼ ਸਹਿਤ ਟ੍ਰੇਨਿੰਗ ਦੇ ਕੇ ਕਾਨੂੰਨੀ ਮਾਨਤਾ ਦੇਣ ਦੀ ਮੰਗ ਨੂੰ ਮਾਨਯੋਗ ਸਪੀਕਰ ਕੁਲਤਾਰ ਸਿੰਘ ਸੰਧਵਾਂ ਤੇ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਧਿਆਨ ਵਿੱਚ ਲਿਆਉਣ ਦੀ ਸ਼ਲਾਘਾ ਕੀਤੀ ਗਈ। ਸਿਹਤ ਮੰਤਰੀ ਡਾ. ਬਲਵੀਰ ਸਿੰਘ ਧਿਆਨ ਵਿੱਚ ਲਿਆਉਣ 'ਤੇ ਉਨ੍ਹਾਂ ਜਵਾਬ ਦਿੰਦਿਆਂ ਕਾਨੂੰਨ ਦਾ ਵਾਸਤਾ ਦੇ ਕੇ ਮਾਨਤਾ ਦੇਣ ਤੋਂ ਕੋਰੀ ਨਾਂਹ ਕੀਤੀ, ਕਿਹਾ ਕਿ ਪ੍ਰੈਕਟਿਸ ਕਰਨ ਲਈ ਐੱਮ ਬੀ ਬੀ ਐੱਸ, ਬੀ.ਏ.ਐੱਮ.ਐੱਸ, ਡੀ ਐੱਚ ਐੱਮ ਐੱਸ ਦੀ ਡਿਗਰੀ ਦੀ ਜ਼ਰੂਰਤ ਹੈ ਅਤੇ ਜੇਕਰ ਕਮਿਸਟ ਸ਼ਾਪ ਖੋਲ੍ਹਣੀ ਹੈ ਤਾਂ ਉਸ ਲਈ ਡੀ. ਫਾਰਮੇਸੀ ਦਾ ਕੋਰਸ ਕਰਕੇ ਖੋਲ੍ਹ ਸਕਦੇ ਹਨ। ਉਨ੍ਹਾ ਕਿਹਾ ਕਿ ਸਰਕਾਰ ਵੱਲੋਂ ਖੋਲ੍ਹੇ ਗਏ ਮੁਹੱਲਾ ਕਲੀਨਿਕਾਂ ਦੀ ਬਦੌਲਤ ਮੈਡੀਕਲ ਪ੍ਰੈਕਟੀਸ਼ਨਰਾਂ ਤੇ ਐੱਮ.ਬੀ.ਬੀ.ਐੱਸ. ਡਾਕਟਰ ਦੀ ਪ੍ਰੈਕਟਿਸ ਕਾਫੀ ਪ੍ਰਭਾਵਿਤ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ 13000 ਪਿੰਡਾਂ ਤੇ 100 ਤਹਿਸੀਲਾਂ ਅਤੇ ਸਬ ਤਹਿਸੀਲਾਂ ਤੇ 148 ਬਲਾਕਾਂ ਵਿੱਚ ਹੁਣ ਤੱਕ ਦਿੱਤੀਆਂ ਜਾ ਰਹੀਆਂ ਸਰਕਾਰੀ ਸਿਹਤ ਸੇਵਾਵਾਂ ਦੀ ਬੇਹੱਦ ਕਮੀ ਹੈ। ਸਰਕਾਰੀ ਸਿਹਤ ਸੇਵਾਵਾਂ ਸਿਰਫ਼ 20% ਲੋਕਾਂ ਤੱਕ ਹੀ ਦਿੱਤੀਆਂ ਜਾ ਸਕਦੀਆਂ ਹਨ। 80% ਲੋਕ ਪ੍ਰਾਈਵੇਟ ਖੇਤਰ ਤੋਂ ਸਿਹਤ ਸੇਵਾਵਾਂ ਲੈ ਰਹੇ ਹਨ, ਜਿਨ੍ਹਾਂ ਵਿੱਚੋਂ ਪੇਂਡੂ ਤੇ ਸ਼ਹਿਰੀ ਗਰੀਬ ਬਸਤੀਆਂ ਇਨ੍ਹਾਂ ਮੈਡੀਕਲ ਪ੍ਰੈਕਟੀਸ਼ਨਰਾਂ ਪਾਸੋਂ ਹੀ ਵੇਲੇ ਕੁਵੇਲੇ ਐਮਰਜੈਂਸੀ ਸਮੇਂ ਦਿਨ-ਰਾਤ ਮੁੱਢਲੀਆਂ ਸਿਹਤ ਸੇਵਾਵਾਂ ਪ੍ਰਾਪਤ ਕਰਦੇ ਹਨ ਅਤੇ ਸੰਤੁਸ਼ਟ ਵੀ ਹਨ।

ਆਗੂਆਂ ਨੇ ਸਿਹਤ ਮੰਤਰੀ ਦੇ ਨਾ-ਪੱਖੀ ਰਵੱਈਏ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਚੋਣਾਂ ਸਮੇਂ ਇਹ ਕਾਨੂੰਨ ਤੁਹਾਨੂੰ ਕਿਉਂ ਨਹੀਂ ਯਾਦ ਆਏ, ਤੁਸੀਂ ਵਿਧਾਨ ਸਭਾ ਤੇ ਲੋਕ ਸਭਾ ਦੀਆਂ ਚੋਣਾਂ ਮੌਕੇ ਕੀਤਾ ਵਾਅਦਾ ਕੀ ਹੁਣ ਭੁੱਲ ਗਏ ? ਉਨ੍ਹਾ ਆਉਣ ਵਾਲੇ ਸਮੇਂ ਵਿਉਂਤਬੰਦੀ ਨਾਲ ਪੰਜਾਬ ਸਰਕਾਰ ਖਿਲਾਫ ਬੱਝਵੇਂ ਸੰਘਰਸ਼ ਦੀ ਚਿਤਾਵਨੀ ਦਿੱਤੀ। ਸੂਬਾ ਕੈਸ਼ੀਅਰ ਰਾਕੇਸ਼ ਮਹਿਤਾ ਸੂਬਾ ਐਡਵਾਈਜ਼ਰ ਜਸਵਿੰਦਰ ਭੋਗਲ ਨੇ ਕਿਹਾ ਕਿ ਅਣਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਦੇ ਮਸਲੇ ਨੂੰ ਕਾਨੂੰਨੀ ਨੁਕਤੇ ਨਾਲ ਦੇਖਣ ਦੀ ਬਜਾਇ ਸਮਾਜਿਕ ਪੱਖ ਤੋਂ ਵਿਚਾਰਿਆ ਜਾਵੇ। ਇੰਡੀਅਨ ਮੈਡੀਕਲ ਕੌਂਸਲ ਐਕਟ ਤੇ ਹੁਣ ਨੈਸ਼ਨਲ ਮੈਡੀਕਲ ਕਮਿਸ਼ਨ ਲੋਕਾਂ ਦੇ ਹਿੱਤੀ ਦੀ ਤਰਜ਼ਮਾਨੀ ਨਹੀਂ ਕਰਦਾ। ਪਿਛਲੇ ਵਿਧਾਨ ਸਭਾ ਸੈਸ਼ਨਾਂ ਦੌਰਾਨ ਲਗਾਤਾਰ ਵੱਖ ਵੱਖ ਹਲਕਾ ਵਿਧਾਇਕਾਂ ਵੱਲੋਂ ਵਿਧਾਨ ਸਭਾ ਸੈਸ਼ਨਾਂ ਦੌਰਾਨ ਅਣਰਜਿਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਦਾ ਮਾਮਲਾ ਧਿਆਨ ਵਿੱਚ ਲਿਆ ਚੁੱਕੇ ਹਨ। ਉਨ੍ਹਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਚੋਣ ਵਾਅਦੇ ਅਨੁਸਾਰ ਅਣਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਵੱਲੋਂ ਨਿਭਾਈ ਜਾ ਰਹੀ ਸੇਵਾ ਦੀ ਸ਼ਲਾਘਾ ਕਰਦਿਆਂ ਸਿਫਾਰਸ਼ ਸਹਿਤ ਪਾਰਟ ਟਾਈਮ ਟ੍ਰੇਨਿੰਗ ਦੇ ਕੇ ਕਾਨੂੰਨੀ ਮਾਨਤਾ ਦੇਣ ਦੀ ਜ਼ੋਰਦਾਰ ਮੰਗ ਕੀਤੀ। ਇਸ ਸਮੇਂ ਅਵਤਾਰ ਸਿੰਘ ਬਟਾਲਾ, ਅਰਜਿੰਦਰ ਸਿੰਘ ਕੋਹਾਲੀ, ਸੀ ਆਰ ਸੰਕਰ, ਦਿਲਦਾਰ ਸਿੰਘ ਚਾਹਲ, ਪ੍ਰੈੱਸ ਸਕੱਤਰ ਚਮਕੌਰ ਸਿੰਘ, ਤਾਰਾ ਚੰਦ ਭਾਵਾ, ਪਲਜਿੰਦਰ ਸਿੰਘ, ਰਣਜੀਤ ਸਿੰਘ, ਅਵਤਾਰ ਸਿੰਘ ਚੀਮਾ, ਰਾਕੇਸ਼ ਕੁਮਾਰ ਬੱਸੀ, ਸੁਖਚੈਨ ਸਿੰਘ ਬੋਪਾਰਾਏ, ਹਰਪ੍ਰੀਤ ਸਿੰਘ ਫਤਿਹਗੜ੍ਹ, ਗੁਲਜੀਤ ਸਿੰਘ, ਗੁਰਦੀਪ ਸਿੰਘ ਘੁੱਦਾ ਆਦਿ ਆਗੂ ਹਾਜ਼ਰ ਸਨ।

ਉਤਰ ਰੇਲਵੇ

ਈ-ਨਿਵਿਦਾ ਸੂਚਨਾ

ਨਿਵਿਦਾ ਸੂਚਨਾ ਪੱਤਰ ਨੰ.-176-2024-25-Sr.DEN-II-FZR Date: 03.09.2024

ਸੀਨੀਅਰ ਮੰਡਲ ਇੰਜੀਨੀਅਰ-ਸੈਕਿੰਡ ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 23.09.2024 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ ਕੇਵਲ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਕਰਨ ਦੀ ਮਿਤੀ | ਨਿਵਿਦਾ ਸਮਾਪਨ ਦੀ ਮਿਤੀ ਅਤੇ ਸਮਾਂ |
| 31/08/2024 | 09/09/2024 | 23/09/2024 / 15:00 ਵਜੇ |

ਲੜੀ ਨੰਬਰ: 1 | ਨਿਵਿਦਾ ਨੰਬਰ : 176-2024-25-Sr.DEN-II-FZR

ਨਿਵਿਦਾ ਦਾ ਵੇਰਵਾ : ਸਹਾਇਕ ਮੰਡਲ ਇੰਜੀਨੀਅਰ/ਪਠਾਨਕੋਟ ਅਤੇ ਸਹਾਇਕ ਮੰਡਲ ਇੰਜੀਨੀਅਰ/ਜੰਮੂ ਤਵੀ ਦੇ ਤਹਿਤ ਆਉਣ ਵਾਲੇ ਅੰਮ੍ਰਿਤਸਰ-ਪਠਾਨਕੋਟ, ਬਟਾਲਾ-ਕਾਦਿਯਾਨ, ਜਲੰਧਰ ਸ਼ਹਿਰ- ਪਠਾਨਕੋਟ ਅਤੇ ਪਠਾਨਕੋਟ-ਜੰਮੂ ਤਵੀ ਸੇਕਸ਼ਨ ਤੇ ਵਖ-ਵਖ ਸੇਕਸ਼ਨਾਂ ਅਤੇ ਸਟੇਸ਼ਨਾਂ ਤੇ ਲਿਡਾਰ ਸਰਵੇਖਣ ਤਕਨੀਕ ਅਤੇ ਸਥਲਾਕ੍ਰਿਤਕ ਸਰਵੇਖਣ ਦਾ ਉਪਯੋਗ ਕਰਕੇ ਲੰਬਕਾਰੀ ਸੇਕਸ਼ਲ, ਢਾਲ ਤਸਦੀਕ ਕਰਨ ਦਾ ਕੰਮ।

| ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
|---|---|---|---|
| 39,95,199.55/- | 79,900/- | 60 ਦਿਨ | 03 ਮਹੀਨੇ |

ਸਮਾਨ ਨੇਚਰ ਦਾ ਕੰਮ - " ਕੋਈ ਨਹੀ"।

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ। 2745/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

